# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR


ਖੂਬੁ ਖੂਬੁ ਖੂਬੁ ਖੂਬੁ ਖੂਬ ਤੇਰੋ ਨਾਮੁ ॥
ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥

[ਭੈਰਉ ਮਹਲਾ ੫, ਪੰਨਾ ੧੧੩੯]

## ਸਚੁ ਸਭਨਾ ਹੋਇ ਦਾਰੂ
## ਪਾਪ ਕਢੈ ਧੋਇ ।

(ਮ:੧)

ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ


ਮਈ ੧੯੯੧



www.AKJ.Org

ਡੀ. ਪੀ. ਆਈ.. ਪੰਜਾਬ ਵਲੋਂ ਚਿਠੀ ਨੰ: ੧/੭੦-੬੮-੨੧ ਮਿਤੀ ੧੭-੧੦-੬੮ ਅ. ਪ ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ ।

# ਤਤਕਰਾ


| | | |
|---|---|---|
| ਹਰਿ ਜੇਠਿ ਜੁੜੰਦਾ ਲੋੜੀਐ | ਬਾਰਹਮਾਹਾ ਮਾਝ ਮਹਲਾ ੫ | ੩ |
| ,, ,, ,, (ਅਰਥ ਵਿਆਖਿਆ) | 'ਸੂਰਾ' ਪਰਵਾਰ | ੪ |
| ਸਚਖੰਡ ਕੀ ਹੈ ? ਦਰਸ਼ਨ ਖੰਡ ਹੈ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੬ |
| ਆਤਮਕ ਬਰਕਤਾਂ | ਪ੍ਰੋਫੈਸਰ ਸਾਹਿਬ ਸਿੰਘ ਜੀ | ੧੦ |
| ਅਬਦਾਲੀ, ਸਿੱਖ ਤੇ ਵਡਾ ਘਲੂਘਾਰਾ (੩੦) | ਕੈਪਟਿਨ ਸਵਰਨ ਸਿੰਘ ਜੀ | ੧੪ |
| ਜਨਮ ਅਮੋਲਕ ਹੀਰਾ (ਡਿਉਢ) | ਸਾਧੂ ਸਿੰਘ ਸੂਫੀ | ੨੦ |
| ਗੁਰ-ਇਤਿਹਾਸ ਤੇ ਸਿਖ-ਇਤਿਹਾਸ (ਮਹੱਤਵ-ਪੂਰਨ ਤਰੀਕਾਂ) | 'ਸੂਰਾ' ਪਰਵਾਰ | ੨੧ |
| ਮ੍ਰਿਤਕ ਦੀ ਤਸਵੀਰ ਤੇ ਸ਼ਰਧਾਂਜਲੀ | ਗੁਰਮਤਿ ਸਟੱਡੀ ਸਰਕਲ | ੨੬ |
| ਸਲੋਕ ਸਹਸਕ੍ਰਿਤੀ (੩) ਅਰਥ ਵਿਚਾਰ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੨੭ |
| ਦਾਸੀ ਤੁਲਸਾਂ ਤੇ ਭਾਈ ਮਨਸੁਖ | ਬੀਬੀ ਦਲਜੀਤ ਕੌਰ ਜੀ | ੩੨ |
| ਭੁਲਾਇਆ ਨਾ ਕਰ (ਕਵਿਤਾ) | ਮਾਸਟਰ ਮਾਘ ਸਿੰਘ ਜੀ 'ਪਿਆਰ' | ੩੫ |
| ਸਿਖਾਂ ਦੇ ਧਾਰਮਿਕ ਚਿੰਨ੍ਹਾਂ ਦੀ ਆਜ਼ਾਦੀ ਕਾਇਮ ਰਹਿਣ ਦਿਓ | ਅਖੰਡ ਕੀਰਤਨੀ ਜਥਾ | ੩੬ |
| ਮਨਮੁਖਿ ਸ਼ਬਦੁ ਨ ਜਾਣਈ | ਮਾਸਟਰ ਜੁਗਿੰਦਰ ਸਿੰਘ ਜੀ ਬੜੂੰਦੀ | ੩੯ |
| ਵਤਨਿ ਪਰਉਪਕਾਰ ਨੋ | ਮੇਜਰ ਅਮਰੀਕ ਸਿੰਘ ਜੀ | ੪੧ |


ਸ੍ਰੀ ਗੁਰੂ ਅਰਜਨ ਦੇਵ ਜੀ ਜੋਤੀ ਜੋਤਿ — ੬ ਜੂਨ
ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਅਵਤਾਰ — ੧੮ ਜੂਨ

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਕਾਬਲ ਸਿੰਘ ਗ੍ਰੇਵਜ਼ੈਂਡ ਯੂ. ਕੇ. ਵਲੋਂ | 'ਸੂਰਾ' ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ | ੩-੬੫ |
| ਸ: ਸੁਚਾ ਸਿੰਘ ਬਿਸਲਾ ਹਾਲੈਂਡ ਵਲੋਂ | ,, ,, ,, | ੩੭-੭੨ |
| ਖਾਲਸਾ ਮਾਡਲ ਸਕੂਲ ਦਿਆਲਪੁਰ ਵਲੋਂ | ,, ,, ,, | ੧੦-੦੦ |
| ਸ: ਮਨਸ਼ਾ ਸਿੰਘ ਭੋਗਲ ਨਵਾਂ ਸ਼ਹਿਰ ਵਲੋਂ | ਅਖੰਡ ਪਾਠ ਭੋਗ ਸਮੇਂ | ੧੧-੦੦ |
| ਸ: ਰੇਸ਼ਮ ਸਿੰਘ ਬੁਲੈਂਵਾਲ ਵਲੋਂ | 'ਸੂਰਾ' ਦੀ ਚੜ੍ਹਦੀ ਕਲਾ ਲਈ | ੨੧-੦੦ |
| ਸ: ਹਰਜਿੰਦਰ ਸਿੰਘ ਕਾਨਪੁਰ ਵਲੋਂ | ਸਿੰਘਣੀ ਦੇ ਅੰਤਮ ਭੋਗ ਸਮੇਂ | ੧੧-੦੦ |
| ਸ: ਕੁਲਦੀਪ ਸਿੰਘ ਜੰਮੂ ਵਲੋਂ | ਕਾਕਾ ਗੁਰਪ੍ਰੀਤ ਸਿੰਘ ਦੇ ਅੰਮ੍ਰਿਤਪਾਨ ਕਰਨ ਦੀ ਖੁਸ਼ੀ ਵਿਚ | ੧੧-੦੦ |
| ਡਾ: ਦਲਬੀਰ ਸਿੰਘ ਨਵੀਂ ਦਿਲੀ ਵਲੋਂ | 'ਸੂਰਾ' ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ | ੨੧-੦੦ |
| ਸ: ਗਿਆਨ ਸਿੰਘ ਹੁਸ਼ਿਆਰਪੁਰ ਵਲੋਂ | ਬੱਚੇ ਦੇ ਅਨੰਦ ਦੀ ਖੁਸ਼ੀ ਵਿਚ | ੧੫-੦੦ |
| ਸ੍ਰਦਾਰਨੀ ਜੱਸਾ ਸਿੰਘ ਮੇਰਠ ਛਾਉਣੀ ਵਲੋਂ | ਸਰਦਾਰ ਜੀ ਦੀ ਅੰਤਮ ਯਾਦ ਵਿਚ | ੧੦-੦੦ |
| ਸ: ਜੀ. ਐਸ. ਬਾਵਾ | ਚੜ੍ਹਾਵਾ ਕੀਰਤਨ ਸਮਾਗਮ | ੧ :-੩੫ |
| ਸ: ਦਲਵਾਰਾ ਸਿੰਘ ਫੌਜੀ ਮਾਖਾ ਵਲੋਂ | ਮਾਤਾ ਜੀ ਦੇ ਅੰਤਮ ਭੋਗ ਸਮੇਂ | ੩੦-੦੦ |

ਸਤਿਗੁਰੂ ਸਭ ਵੀਰਾਂ ਨੂੰ ਗੁਰਸਿਖੀ ਤੇ ਚੜ੍ਹਦੀਆਂ ਕਲਾ ਬਖਸ਼ਣ ।

ਲਾਕਟ ਪ੍ਰਿੰਟਰਜ਼, ਬਾਜ਼ਾਰ ਬਾਬਾ ਭੋੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੫-੮੧ ਨੂੰ ਪ੍ਰਕਾਸ਼ਤ ਕੀਤਾ ।
ਟੈਲੀਫੋਨ ਨੰਬਰ : 5 1 8 4 7

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ


ੴ ਵਾਹਿਗੁਰੂ ਜੀ ਕੀ ਫਤਹ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

ਸਲਾਨਾ ਚੰਦਾ ੧੦-੦੦
ਇਕ ਪਰਚਾ ੧ ੦੦

ਪਰਦੇਸ

ਸਮੁੰਦਰੀ ਡਾਕ ੧੮-੫੦

ਹਵਾਈ ਡਾਕ

ਅਰਬ, ਮਲਾਇਆ ੩੫-੦੦
ਯੂ. ਕੇ, ਅਫਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦



ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿੰਘ
ਭਾਈ ਸੇਵਾ ਸਿੰਘ


## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ


ਜਿਲਦ ੧੫ ਮਈ ੧੯੮੧ ਅੰਕ ੫


### ਹਰਿ ਜੇਠਿ ਜੁੜੰਦਾ ਲੋੜੀਐ

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥
ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥
ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥
ਰੰਗ ਸਭੇ ਨਾਰਾਇਣੈ ਜੇਤੇ ਮਨ ਭਾਵੰਨਿ ॥
ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥
ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥
ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥
ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥
ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪॥

[ਬਾਰਾਮਾਹਾ ਮਾਝ ਮ: ੫, ਪੰਨਾ ੧੩੪




www.AKJ.Org

# ਹਰਿ ਜੇਠਿ ਜੁੜੰਦਾ ਲੋੜੀਐ

**ਔਖੇ ਪਦਾਂ ਦੇ ਅਰਥ** :–ਜੁੜੰਦਾ ਲੋੜੀਐ=ਜੁੜਨਾ ਚਾਹੀਦਾ ਹੈ। ਦਾਵਣਿ=ਦਾਮਨ (ਪਲੇ) ਨਾਲ। ਕਿਸੈ ਨ ਦੇਈ=ਕਿਸੇ ਨੂੰ ਆਗਿਆ ਨਹੀਂ ਦੇਂਦਾ। ਬੰਨਿ=ਬੰਨ੍ਹ ਕੇ। ਮਾਣਕ=ਹੀਰੇ ਜਵਾਹਰਾਤ। ਸੰਨਿ=ਸੰਨ੍ਹ, ਚੋਰੀ। ਰੰਗ ਜੇਤੇ=ਜਿਤਨੇ ਭੀ ਕੌਤਕ ਹਨ। ਨਾਰਾਇਣੈ=ਨਾਰਾਇਣੈ ਦੇ, ਪ੍ਰਭੂ ਦੇ। ਪ੍ਰਭਿ=ਪ੍ਰਭੂ ਨੇ। ਕੀਤੇ ਆਪਣੇ=ਆਪਣੇ ਕਰ ਲਏ ਹਨ। ਕਹੀਅਹਿ=ਕਹੇ ਜਾਂਦੇ ਹਨ। ਵਿਛੁੜਿ=ਵਿਛੜ ਕੇ, ਵਾਹਿਗੁਰੂ ਤੋਂ ਵਿਛੜ ਕੇ। ਸਾਧੂ ਸੰਗੁ=ਸਾਧੂ ਸਤਿਗੁਰੂ ਦਾ ਸਾਥ। ਮਾਣੰਨਿ=ਮਾਣਦੇ ਹਨ। ਧਣੀ=ਮਾਲਕ ਪ੍ਰਭੂ। ਤਿਸੁ=ਉਸ (ਪ੍ਰਾਣੀ) ਨੂੰ। ਮਥੰਨਿ=ਮੱਥੇ ਉਤੇ।

## *ਅਰਥ ਵਿਆਖਿਆ–*

ਗੁਰੂ ਨਾਨਕ ਦੀ ਪੰਜਵੀਂ ਜੋਤਿ ਸ੍ਰੀ ਗੁਰੂ ਅਰਜਨ ਦੇਵ ਜੀ ਜੇਠ ਮਹੀਨੇ ਦੁਆਰਾ ਉਪਦੇਸ਼ ਕਰਦੇ ਹਨ—

ਜੇਠ ਮਹੀਨੇ ਵਿਚ ਉਸ ਹਰੀ-ਪ੍ਰਭੂ ਨਾਲ ਜੁੜਨਾ ਚਾਹੀਦਾ ਹੈ, ਉਸ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨ ਦੀ ਲੋੜ ਹੈ, ਜਿਸ਼ ਅਗੇ ਸਾਰੇ ਪ੍ਰਾਣੀ ਨਿਉਂਦੇ ਹਨ, ਜਿਸ ਵਾਹਿਗੁਰੂ ਨੂੰ ਸਾਰੇ ਜੀਵ ਪੂਜਦੇ ਹਨ। ਉਸ ਹਰੀ ਪ੍ਰਭੂ ਸਜਣ ਦਾ ਲੜ ਫੜਨ ਨਾਲ, ਉਸ ਵਾਹਿਗੁਰੂ ਦੀ ਓਟ ਲੈਣ ਨਾਲ (ਇਹ ਲਾਭ ਹੁੰਦਾ ਹੈ ਕਿ) ਪ੍ਰਭੂ ਕਿਸੇ ਨੂੰ ਆਗਿਆ ਨਹੀਂ ਦੇਂਦਾ ਕਿ ਉਹ ਉਸ ਪ੍ਰਾਣੀ ਨੂੰ ਬੰਨ੍ਹ ਕੇ ਲੈ ਜਾਏ, ਭਾਵ ਪ੍ਰਭੂ ਦੀ ਸ਼ਰਨ ਪਿਆਂ ਕੋਈ ਜਮ ਆਦਿਕ ਪ੍ਰਾਣੀ ਨੂੰ ਬੰਨ੍ਹ ਨਹੀਂ ਸਕਦਾ, ਜਮ ਨੇੜੇ ਨਹੀਂ ਢੁਕ ਸਕਦਾ।

ਪ੍ਰਭੂ ਦਾ ਨਾਮ-ਧਨ ਮੋਤੀਆਂ ਤੇ ਹੀਰਿਆਂ ਜਵਾਹਰਾਤਾਂ ਤੁਲ ਬੇਹਦ ਕੀਮਤੀ ਤੇ ਅਮੋਲਕ ਹੈ, ਪਰ ਇਸ ਨਾਮ-ਧਨ ਦੇ ਅਮੋਲਕ ਹੀਰਿਆਂ ਜਵਾਹਰਾਤਾਂ ਨੂੰ ਕੋਈ ਸੰਨ੍ਹ ਨਹੀਂ ਲਾ ਸਕਦਾ, ਕੋਈ ਚੁਰਾ ਨਹੀਂ ਸਕਦਾ। ਜਿਵੇਂ ਕਿ ਸੂਹੀ ਰਾਗ ਵਿਚ ਸ੍ਰੀ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ—

ਹਰਿ ਧਨ ਕਉ ਉਚਕਾ ਨੇੜਿ ਨ ਆਵਈ
ਜਮੁ ਜਾਗਾਤੀ ਡੰਡੁ ਨ ਲਗਾਈ ॥ (੭੩੪)

ਫਿਰ ਮਲਾਰ ਰਾਗ ਵਿਚ ਸਾਹਿਬ ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ—

ਹਰਿ ਧਨੁ ਬਨਜਹੁ, ਹਰਿ ਧਨ ਸੰਚਹੁ, ਜਿਸੁ ਲਾਗਤ ਹੈ ਨਹੀ ਚੋਰ ॥ (੧੨੬੫)

ਇਹ ਨਾਮ ਧਨ, ਪ੍ਰਭੂ ਦਾ ਸਿਮਰਨ ਅਜਿਹਾ ਉਤਮ ਪਦਾਰਥ ਹੈ, ਕਿ ਜਿਉਂ ਜਿਉਂ ਇਸ ਦਾ ਜਾਪ ਕਰੋ, ਤਿਉਂ ਤਿਉਂ ਵਧਦਾ ਹੈ, ਤੋਟਾ ਆਉਂਦਾ ਹੀ ਨਹੀਂ। ਗੁਰਵਾਕ ਹੈ—

ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥
ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਇ ॥
[ਗਉੜੀ ਮ: ੫, ਪੰਨਾ ੧੮੬

ਜੇਠ ਮਹੀਨੇ ਵਿਚ ਅਗੇ ਜਾ ਕੇ ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ ਜੋ ਪ੍ਰਾਣੀ ਨਾਮ ਦਾ ਸਿਮਰਨ ਕਰਦੇ ਹਨ ਉਨ੍ਹਾਂ ਦੀ ਐਸੀ ਸੁਰਤੀ ਹੋ ਜਾਂਦੀ ਹੈ ਕਿ—

ਪ੍ਰਭੂ ਦੇ ਜਿਤਨੇ ਭੀ ਰੰਗ ਦਿਸ ਰਹੇ ਹਨ, ਜਿਤਨੇ ਵੀ ਕੌਤਕ ਵਰਤ ਰਹੇ ਹਨ, ਉਹ ਸਾਰੇ ਉਨ੍ਹਾਂ ਨੂੰ ਮਨ ਵਿਚ ਭਾਉਂਦੇ ਹਨ, ਪਿਆਰੇ ਲਗਦੇ ਹਨ, ਵਾਹਿਗੁਰੂ ਜੋ ਕੁੱਝ ਵੀ ਕਰਦਾ ਹੈ ਉਹ ਸਤਿ ਸਤਿ ਕਰਕੇ ਉਸ ਦੀ ਰਜ਼ਾ ਨੂੰ ਮਿੱਠਾ ਕਰਕੇ ਮੰਨਦੇ ਹਨ ਅਤੇ ਸੁਖ ਮਾਣਦੇ ਹਨ।



www.AKJ.Org

(ਨਾਮ-ਸਿਮਰਨ ਦੇ ਰਸੀਏ ਜਾਣਦੇ ਹਨ ਕਿ) ਹਰੀ-ਪ੍ਰਭੂ ਜੋ ਕਰਨਾ ਚਾਹੇ, ਜੋ ਕੁਝ ਵੀ ਉਸ ਦੀ ਮਰਜ਼ੀ ਹੋਵੇ, ਜੋ ਕੁਝ ਵੀ ਉਸ ਨੂੰ ਭਾਉਂਦਾ ਹੋਵੇ, ਓਹੋ ਕੁਝ ਕਰਦਾ ਹੈ, ਓਹੋ ਕੁਝ ਹੁੰਦਾ ਹੈ; ਅਤੇ ਉਸ ਪ੍ਰਭੂ ਦੇ ਬਣਾਏ ਹੋਏ ਜੀਵ-ਜੰਤ ਓਹੋ ਕੁਝ ਕਰਦੇ ਹਨ। ਕੋਈ ਜੀਵ ਆਪਣੀ ਮਰਜ਼ੀ ਨਹੀਂ ਕਰ ਸਕਦਾ। ਸੁਖਮਨੀ ਸਾਹਿਬ ਵਿਚ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ—

ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ ॥
ਨਾਨਕ ਇਨ ਕੈ ਕਛੂ ਨ ਹਾਥ ॥੮॥੬॥ (੨੭੧)

ਫਿਰ ਸਤਿਗੁਰੂ ਜੀ ਕਹਿੰਦੇ ਹਨ ਕਿ—

ਜਿਨ੍ਹਾਂ ਨਾਮ ਜਪਣ ਵਾਲਿਆਂ ਨੂੰ, ਨਾਮ-ਅਭਿਆਸੀਆਂ, ਨਾਮ-ਰਸੀਆਂ ਨੂੰ ਪ੍ਰਭੂ ਨੇ ਆਪਣੇ ਬਣਾ ਲਿਆ ਹੈ, ਜਿਹੜੇ ਉਸ ਪ੍ਰਭੂ ਦੇ ਪਿਆਰ ਦੇ ਪਾਤਰ ਬਣ ਗਏ ਹਨ ਉਹ ਧੰਨ ਧੰਨ ਕਹੇ ਜਾਂਦੇ ਹਨ। ਜਗਤ ਵਿਚ ਉਨ੍ਹਾਂ ਦੀ ਸ਼ੋਭਾ ਹੁੰਦੀ ਹੈ। ਉਹ ਸਲਾਹੇ ਜਾਂਦੇ ਹਨ। ਸਤਿਗੁਰੂ ਰਾਮਦਾਸ ਜੀ ਅਜਿਹੇ ਨਾਮ-ਜਪਣ-ਹਾਰਿਆਂ ਤੋਂ ਸਦਕੇ ਹੁੰਦੇ ਹੋਏ ਕਹਿੰਦੇ ਹਨ–

ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ
ਜਨੁ ਨਾਨਕੁ ਤਿਨ ਬਲਿ ਜਾਸੀ ॥੩॥ [ਸੋ ਦਰੁ, ਸੋ ਪੁਰਖੁ

ਅਗਲੀ ਤੁਕ ਵਿਚ ਫੁਰਮਾਇਆ ਹੈ ਕਿ ਇਹ ਪ੍ਰਭੂ ਦਾ ਨਾਮ ਆਪਣੇ ਉਦਮ ਨਾਲ, ਆਪਣੀ ਹਿੰਮਤ ਨਾਲ ਨਹੀਂ ਮਿਲ ਸਕਦਾ। ਜੇ ਆਪਣੇ ਉਦਮ ਕਰਨ ਨਾਲ ਮਿਲ ਸਕਦਾ ਹੋਵੇ ਤਾਂ ਫਿਰ ਪ੍ਰਾਣੀ ਉਸ ਪ੍ਰਭੂ ਤੋਂ ਵਿਛੜ ਕੇ ਕਿਓਂ ਚਿਚਲਾਂਦੇ ਫਿਰਨ, ਕਿਉਂ ਦੁਖੀ ਹੁੰਦੇ ਫਿਰਨ। ਪੰਜਵੇਂ ਗੁਰੂ ਨਾਨਕ ਦਾ ਕਥਨ ਹੈ ਕਿ ਪ੍ਰਭੂ ਦਾ ਇਹ ਨਾਮ-ਧਨ ਸਾਧੂ-ਸਤਿਗੁਰੂ ਦੇ ਮਿਲਾਪ ਤੋਂ ਹੀ ਪ੍ਰਾਪਤ ਹੋ ਸਕਦਾ ਹੈ ਅਤੇ ਸਤਿਗੁਰੂ ਤੋਂ ਪ੍ਰਾਪਤ ਹੋਏ ਨਾਮ ਦੁਆਰਾ ਹੀ ਜੀਵ ਸੱਚੇ ਸੁਖ ਨੂੰ ਮਾਣ ਸਕਦੇ ਹਨ।

ਅਖੀਰ ਤੇ ਸਤਿਗੁਰੂ ਜੀ ਦਸਦੇ ਹਨ ਕਿ ਜਿਸ ਦੇ ਮੱਥੇ ਉਤੇ ਸਤਿਗੁਰੂ ਤੋਂ ਨਾਮ ਪ੍ਰਾਪਤ ਹੋਣ ਦਾ ਭਾਗ ਲਿਖਿਆ ਹੁੰਦਾ ਹੈ ਉਹੋ ਹੀ ਉਸ ਧਣੀ-ਮਾਲਕ ਨੂੰ ਪ੍ਰਾਪਤ ਕਰ ਸਕਦਾ ਹੈ। ਬਸ ਅਜਿਹੇ ਪ੍ਰਾਣੀ ਲਈ ਜੇਠ ਦਾ ਮਹੀਨਾ ਰੰਗ-ਰਸ ਭਰਿਆ ਹੈ, ਸੁਹਾਵਣਾ ਹੈ। ਉਸੇ ਮਨੁਖ ਦਾ ਜੇਠ ਮਹੀਨਾ ਸੁਖਦਾਈ ਹੈ।

ਸਾਰੇ ਸ਼ਬਦ ਦਾ ਭਾਵ ਇਹੋ ਹੈ ਕਿ ਜੇਠ ਦਾ ਮਹੀਨਾ ਉਨ੍ਹਾਂ ਲਈ ਹੀ ਸੁਹਾਵਣਾ ਤੇ ਸੁਖਦਾਈ ਹੈ ਜੋ ਪ੍ਰਭੂ ਦਾ ਨਾਮ ਸਿਮਰਦੇ ਹਨ। ਅਤੇ ਇਹ ਨਾਮ-ਧਨ ਕੇਵਲ ਸਤਿਗੁਰੂ ਤੋਂ ਹੀ ਪ੍ਰਾਪਤ ਹੋ ਸਕਦਾ ਹੈ, ਹੋਰ ਕਿਤੋਂ ਨਹੀਂ।

ਸੋ ਪਿਆਰਿਓ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਨਾਮ ਦੀ ਦਾਤਿ ਪ੍ਰਾਪਤ ਕਰੋ ਅਤੇ ਇਉਂ ਗੁਰੂ ਵਾਲੇ ਹੋ ਕੇ–

ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥੨॥

ਸੁਖਮਨੀ ਸਾਹਿਬ, ਪੰਨਾ ੨੯੩

---

## ਗੁਰਿ ਸੋਝੀ ਪਾਈ

ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ ਸੰਤਹੁ
ਜਿਸ ਨੋ ਦੇਇ ਸੋ ਹਰਿ ਧਨੁ ਲਦਿ ਚਲਾਈ ॥
ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ
ਜਨ ਨਾਨਕ ਕਉ ਗੁਰਿ ਸੋਝੀ ਪਾਈ ॥੬॥੩॥੧੦॥

[ਸੂਹੀ ਮਹਲਾ ੪, ਪੰਨਾ ੭੩੪



www.AKJ.Org

# ਸਚਖੰਡ ਕੀ ਹੈ ? ਦਰਸ਼ਨ ਖੰਡ ਹੈ !

(ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਸੱਚੀ ਸਹਿਜ ਆਨੰਦੀ, ਆਤਮ ਆਨੰਦੀ, ਪਰਮਾਤਮ ਆਨੰਦੀ, ਪਰਮਾਨੰਦੀ ਮੌਜ ਬਹਾਰ, ਸਹਿਜ ਪਦ ਪ੍ਰਗ ਖਲੋਤੇ, ਸਹਿਜ ਪਦ ਪੰਨੇ ਪਏ ਸਚਖੰਡ ਵਾਸੀਆਂ ਨੂੰ ਸਚਖੰਡ ਦੇ ਸਦ-ਬਹਾਰੀ ਸਦ-ਨਿਵਾਸੀ ਦਰਸ਼ਨ ਵਿਚ ਅਪ੍ਰੱਕਸ਼ਤ ਹੁੰਦੀ ਹੈ।

ਇਹ ਸਚਖੰਡ ਕੀ ਹੈ ? ਦਰਸ਼ਨ ਖੰਡ ਅਪ੍ਰੱਕਸ਼ ਦਰਸ਼ਨ ਖੰਡ ਹੈ। ਇਸ ਦਰਸ਼ਨ ਦੀ ਦਿੱਬਤਾ, ਇਸ ਦਰਸ਼ਨ ਦੀ ਲਤਾਫ਼ਤ, ਸਚਖੰਡ ਸੇਤੀ ਅਭੇਦ ਰੂਪ ਹੈ, ਤਿਥੈ [ਸਚਖੰਡ ਵਿਖੇ] ਕੇਵਲ ਸਤਿ ਕਰਤਾਰ ਦੇ ਦਰਸ਼ਨ ਹੀ ਦਰਸ਼ਨ ਹਨ। ਦਰਸ਼ਨਾਨੰਦ ਦੀ ਮਹਿਮਾ ਅਪਰ ਅਪਾਰ ਅਤੇ ਅਮਿੱਤ ਹੈ। ਦਰਸ਼ਨਾਂ ਦੇ ਅਮੀ ਰਸ ਦੀ ਪੁਹਾਰ ਜੋਤਿ-ਕਿਰਨ ਦੀ ਕਿਣਮਿਣ-ਕਾਰ, ਜੋਤੀ ਸਰੂਪ ਵਿਚ ਤਦਾਕਾਰ ਹੋ ਕੇ, ਸਦਾ ਬਿਸਮ ਬਿਨੋਦੀ ਬਰਸਾਤ ਬਰਸਾਉਂਦੀ ਰਹਿੰਦੀ ਹੈ। ਸਾਵਣ ਭਾਦਵੀ ਰੁਤ ਪਾਵਸੀ ਬਰਸਾਤ ਤਿਸ ਅਗੇ ਮਾਤ ਹੈ, ਇਸ ਪਾਵਸ (ਬਰਸਾਤ) ਦਾ ਓਥੇ ਨਮੂਦ ਹੀ ਨਹੀਂ, ਓਥੇ ਅਹਿਨਿਸ ਅਥਾਹ ਅਮੀ ਸਰੋਵਰ ਰਸ-ਮਜਨੀ ਦਰਸ ਰਸ ਜੋਤਿ ਅਮਿਆਗਰੀ ਅਸਗਾਹ ਸਾਗਰ ਮੱਜਜ਼ਨ ਰਹਿੰਦੇ ਹਨ ਕਿ ਜਿਸ ਦੇ ਸਾਮ੍ਹਣੇ ਇਹ ਮਾਤ-ਲੋਕੀ ਸਿੰਧ ਸਾਗਰ ਹੇਚ ਹਨ। ਕਿਥੇ ਉਹ ਅਬਦ ਹਿਆਤੀ ਅਮੀ ਸਰੋਵਰ, ਜਿਸ ਵਿਚ ਜਿਉਂ ਜਿਉਂ ਲਹਿਰਾਂ ਉਠਦੀਆਂ ਹਨ ਤਿਉਂ ਤਿਉਂ ਰਸ ਰਮਨ ਸੰਜੋਗੀ ਹੁਲਾਸ ਦੇ ਬਿਸਮਾਦ ਵਿਚ ਲੀਨਤਾ ਹੁੰਦੀ ਜਾਂਦੀ ਹੈ ਅਤੇ ਕਿਥੇ ਇਹ ਭਵਸਾਗਰੀ ਸਿੰਧ, ਜਿਥੇ ਕਿ ਡੁਬਕਣੀਆਂ ਲੈਂਦਿਆਂ ਪ੍ਰਾਣ ਖਤਾ ਹੋ ਜਾਂਦੇ ਹਨ। ਤਾਂ ਤੇ ਏਹਨਾਂ ਭਵਜਲੀ ਸਿੰਧਾਂ ਦਾ ਓਥੇ (ਸਚਖੰਡ ਵਿਖੇ) ਖੁਰਾ ਖੋਜ ਭੀ ਨਹੀਂ। ਸਹਿਜ ਅਵਸਥਾ ਵਾਲਾ ਤਤ ਆਨੰਦ ਸਚਖੰਡ ਨਿਵਾਸ ਵਿਚ ਹੀ ਮਾਣੀਦਾ ਹੈ। ਸਚਖੰਡ ਦਾ ਜੋਤਿ-ਪ੍ਰਚੰਡੀ-ਤੇਜ ਐਸਾ ਸੁਖ-ਜੀਵਨਾ ਹੈ ਕਿ ਸਚਖੰਡ ਦੇ ਸਹਿਜ ਦਰਸ਼ਨ-ਆਨੰਦੀਆਂ ਨੂੰ ਸਦਾ ਹੀ ਰਸ ਵਿਗਾਸੀ ਸੀਤਲਤਾ ਵਿਖੇ ਮਜਨ ਮਗਨਾਰੀ ਕਰੀ ਰਖਦਾ ਹੈ। ਵਾਹਿਗੁਰੂ ਨਿਰੰਕਾਰ ਭਾਨਾਨ ਭਾਨ (ਸੂਰਜਾਂ ਦੇ ਸੂਰਜ) ਦੇ ਤੇਜ ਪ੍ਰਚੰਡੀ ਰਸ-ਠਰੂਰ ਦਰਸ਼ਨ ਦੀ ਆਭਾ ਸਚਖੰਡ ਵਿਖੇ ਅਤਿ ਨਿਰਾਰੀ ਹੈ ਕਿ ਸਹਿਜ-ਦਰਸ਼ਨ-ਨਿਵਾਸੀਆਂ, ਰਸ-ਜੋਤਿ-ਮਜਨਾਸੀਆਂ ਨੂੰ ਸਦ ਸੀਤਲਤਾਈ ਵਰਤਾਈ ਰਖਦਾ ਹੈ। ਏਹਨਾਂ ਦ੍ਰਿਸ਼ਟਮਾਨ ਪਸਾਰੇ ਵਾਲੇ ਸੂਰਜਾਂ ਵਾਲੀ ਧੁਪ ਓਥੇ ਨਹੀਂ। ਨਾ ਹੀ ਓਥੇ ਗਰਮੀ ਹੈ, ਨਾ ਧੁੱਪ ਹੈ। ਮੇਰਾ ਸਚਖੰਡੀ ਸੂਰਜ ਓਥੇ (ਸਚਖੰਡ ਵਿਖੇ) ਸਦਾ ਹੀ ਉਦੇ ਰਹਿੰਦਾ ਹੈ, ਕਦੇ ਅਸਤ ਨਹੀਂ ਹੁੰਦਾ, ਛਿਪਦਾ ਹੀ ਨਹੀਂ। ਏਸੇ ਕਰਕੇ ਓਥੇ ਛਾਉਂ ਹੈ ਹੀ ਨਹੀਂ, ਕਦੇ ਹੁੰਦੀ ਹੀ ਨਹੀਂ। ਸਦ ਉਜਿਆਰਾ ਹੀ ਉਜਿਆਰਾ ਰਹਿੰਦਾ ਹੈ। ਅੰਧਿਆਰਾ ਕਦੇ ਹੁੰਦਾ ਹੀ ਨਹੀਂ। ਰਾਤ ਦਿਵਸ ਦੀ ਭਰਾਂਤ ਓਥੇ ਮਿਟ ਜਾਂਦੀ ਹੈ। ਅਮਰ ਹਿਆਤੀ ਸਦ-ਜੀਵਣੀ ਮੰਡਲ ਹੋਣ ਕਰਕੇ ਸਚਖੰਡ ਵਿਖੇ ਨਾ ਉਤਪਤੀ ਨਾ ਉਤਪਾਤ ਹੈ, ਨ ਪਰਲੋ ਕਾਲ ਦੀ ਅਫ਼ਾਤ ਹੈ, ਨਾ ਆਵਾਗਵਨਾਤ ਹੈ, ਜੀਊਣ ਮਰਨ ਅਰਥਾਤ ਜੰਮ ਕੇ ਮਰਨ, ਮਰ ਕੇ ਜੀਊਣ ਵਾਲਾ ਸਿਲਸਿਲਾ ਓਥੇ ਮੁਕਿਆ ਹੋਇਆ ਹੈ। ਜੰਮਣ ਮਰਣ ਆਵਾਗਵਣ ਹੀ ਸਾਰੇ ਦੁਖਾਂ ਦੀ ਖਾਣ ਹੈ, ਚੂੰਕਿ ਸਚਖੰਡ ਵਿਖੇ ਇਹ ਆਵਾਗਵਣ ਹੈ ਹੀ ਨਹੀਂ, ਇਸ ਕਰਕੇ ਓਥੇ ਦੁਖਾਂ ਦਾ ਬੀਜ ਨਾਸ ਹੈ, ਮਰ ਜੰਮ ਕੇ ਜੀਊਣਾ, ਜੋ ਸੰਸਾਰੀਆਂ ਨੂੰ ਸੁਖ ਰੂਪ ਪਰਤੀਤ ਹੁੰਦਾ ਹੈ, ਵਾਸਤਵ ਵਿਚ ਇਹ ਜੀਊਣ ਭੀ ਦੁਖ ਰੂਪ ਹੈ। ਸਚਖੰਡ ਵਿਖੇ ਨਾ ਹੀ ਸੰਸਾਰੀ ਜੀਵਨ ਰੂਪੀ ਦੁਖ ਰੂਪ ਵਾਲਾ ਸੁਖ ਹੈ ਅਤੇ ਨਾ ਹੀ ਮਰਨ ਕਾਲ ਵਾਲਾ ਤ੍ਰਾਸ-ਮਈ ਦੁਖ ਰੂਪ ਵਿਆਪਦਾ ਹੈ। ਸੰਸੇ ਫੁਰਨੇ ਓਥੇ ਫੁਰਦੇ ਹੀ ਨਹੀਂ। ਸਕਾਮ ਨਿਸ਼ਕਾਮ ਕਾਮਨਾਵਾਂ ਓਥੇ ਜਾਗਦੀਆਂ ਹੀ ਨਹੀਂ। ਤਾਂ ਤੇ ਸਚਖੰਡ ਵਿਖੇ



www.AKJ.Org

ਸਾਵਿਕਲਪ ਅਤੇ ਨਿਰਵਿਕਲਪ ਸਮਾਧੀਆਂ ਲਾਉਣ ਦੀ ਲੋੜ ਹੀ ਨਹੀਂ ਪੈਂਦੀ। ਸਚੀ ਸਹਿਜ ਅਵਸਥਾ ਸਚਖੰਡ ਵਿਖੇ ਹੀ ਪਰਧਾਨ ਹੈ। ਤਾਂ ਤੇ ਸਚਖੰਡੀ ਸਹਿਜ ਅਵਸਥਾ ਦੀ ਕਥਾ ਅੱਤ ਵਿਲੱਖਣ (ਨਿਆਰੀ) ਹੈ, ਇਹ ਹਾੜੀ ਨਹੀਂ ਜਾ ਸਕਦੀ, ਨਾ ਹੀ ਇਸ ਦਾ ਅੰਤ ਲਿਆ ਜਾ ਸਕਦਾ ਹੈ, ਇਹ ਘਟਦੀ ਵਧਦੀ ਕਦੇ ਨਹੀਂ। ਸਦਾ ਇਕ-ਸਾਰ ਰਸਸ਼ਾਰ ਅਮਿੱਤਾਰ ਰਹਿੰਦੀ ਹੈ। ਸਚਖੰਡ ਵਿਖੇ ਨਾ ਕੋਈ ਪਾਤਾਲ ਹੈ, ਨ ਆਕਾਸ਼। ਹੱਦ ਬੰਨਾ ਹੈ ਕੋਈ ਨਹੀਂ, ਜੋਤਿ ਵਿਗਾਸੀ ਉਘਾੜ ਹੀ ਉਘਾੜ, ਦਰਸ ਪ੍ਰਗਾਸੀ ਡਲ੍ਹਕਾਰ ਹੀ ਡਲ੍ਹਕਾਰ ਹੈ। ਅਜ਼ਲ ਅਬਦੀ ਜੋਤਿ ਚਾਨਾਰ ਓਥੇ ਹੋਣ ਕਰਕੇ ਸਚਖੰਡ ਵਿਖੇ ਨਾ ਰਾਤ ਪੈਂਦੀ ਹੈ, ਨਾ ਮੁੜਿ ਮੁੜਿ ਦਿਨ ਚੜ੍ਹਦਾ ਹੈ। ਇਸ ਲੋਕ ਵਿਖੇ ਜੀਵਾਂ ਦੀ ਜਿੰਦ ਜਾਨ ਜਲ ਪਵਨ ਅਗਨੀ ਦੇ ਸਹਾਰੇ ਹੈ। ਪਰ ਸਚਖੰਡ ਵਿਖੇ ਏਹਨਾਂ ਅਗਨ ਪਾਣੀ ਪਵਨਾਂ ਦੀ ਲੋੜ ਨਹੀਂ, ਨਾ ਹੀ ਇਹ ਉਥੇ ਹਨ। ਸਚਖੰਡ ਵਿਖੇ ਨਾ ਜਲ ਹੈ, ਨਾ ਪਉਣ ਹੈ, ਨ ਪਾਵਕ (ਅਗਨੀ) ਹੈ। ਸਚਖੰਡ ਦੇ ਵਾਸੀਆਂ, ਸਹਿਜ ਪਦ ਵਿਗਾਸੀਆਂ ਨੂੰ ਸੱਚੇ ਵਾਹਿਗੁਰੂ ਨਿਰੰਕਾਰ ਦਾ ਦਰਸ਼ਨ ਆਨੰਦੀ ਆਧਾਰ ਹੀ ਹੈ। ਤਿਥੇ (ਸਚਖੰਡ ਵਿਖੇ) ਨਿਰਾ ਗੁਰੂ ਵਾਹਿਗੁਰੂ ਜੋਤੀ ਸਰੂਪ ਹੀ ਸਾਰੇ ਭਰਪੁਰ ਲੀਣਾ ਹੋਇ ਕੇ ਸਮਾਇ ਰਿਹਾ ਹੈ। ਸਚਖੰਡ ਵਿਖੇ ਅਗਮ ਅਗੋਚਰ ਪਾਰਬ੍ਰਹਮ ਹੀ ਪਰੀਪੂਰਨ ਹੋਇ ਰਹਿਆ ਹੈ। ਇਹ ਸਚਖੰਡ ਵਾਸੀ ਪਾਰਬ੍ਰਹਮ ਨਿਰੰਕਾਰ ਸਰਬ ਨਿਵਾਸੀ ਭੀ ਹੈ, ਲੋਕ ਪਰਲੋਕ ਸਗਲੇ ਖੰਡਾਂ ਬ੍ਰਹਿਮੰਡਾਂ ਵਿਖੇ ਅਤੇ ਸਰਬ ਘਟਾਂ ਅੰਤਰ ਨਿਰੰਤਰ ਸਮਾਇ ਰਿਹਾ ਹੈ, ਪਰੰਤੂ ਕੇਵਲ ਗੁਰੂ ਪ੍ਰਸਾਦ ਕਰ ਕੇ ਲਖੀਦਾ ਹੈ। ਗੁਰਪ੍ਰਸਾਦੀ-ਲਖੀਸ਼ਰਾਂ ਨੂੰ ਇਸ ਲੋਕ ਵਿਖੇ ਭੀ ਸਚਖੰਡ ਦੇ ਨਜ਼ਾਰੇ ਪਰਗਟ ਪਾਹਾਰੇ ਜਾਪਦੇ ਹਨ, ਸਤਸੰਗਤਿ ਵਿਖੇ ਮਿਲ ਰਹਿਣ ਕਰਕੇ ਸਦ ਸਤਸੰਗਿ ਵਿਖੇ ਵਾਸਾ ਕਰਨ ਕਰਕੇ ਹੀ ਏਹ ਨਜ਼ਾਰੇ ਪਰਤੱਖ ਬਣੇ ਰਹਿੰਦੇ ਹਨ। ਪਰੰਤੂ ਅਜਿਹਾ ਸਚਖੰਡ ਦਰਸਾਰੀ ਸਤਿਸੰਗ ਕੇਵਲ ਗੁਰੂ ਘਰ ਵਿਖੇ ਹੀ ਹੈ, ਜਿਥੇ ਨਿਰੰਕਾਰੀ ਰੂਪ ਸਤਿਗੁਰੂ ਸਦਾ ਹੀ ਹਾਜ਼ਰ ਨਾਜ਼ਰ ਹੋ ਕੇ ਬਿਰਾਜਮਾਨ ਰਹਿੰਦੇ ਹਨ। ਗੁਰੂ-ਭਉਰੇ ਸਤਿਗੁਰੂ ਵਿਟਹੁ, ਜੋਤਿ ਵਿਖੇ ਸਮਾਏ, ਸਦਾ ਜਲਵ-ਜਲਵਾਏ ਘੋਲ ਘੁਮਾਏ ਰਹਿੰਦੇ ਹਨ। ਯਥਾ ਗੁਰਵਾਕ :—

ਤਹਿ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ ॥
ਜੀਵਨੁ ਮਿਰਤੁ ਨ ਦੁਖੁ ਸੁਖੁ ਬਿਆਪੈ ਸੁੰਨ ਸਮਾਧਿ ਦੋਊ ਤਹ ਨਾਹੀ ॥੧॥
ਸਹਜ ਕੀ ਅਕਥ ਕਥਾ ਹੈ ਨਿਆਰੀ ॥
ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ ॥੧॥ਰਹਾਉ॥
ਅਰਧ ਉਰਧ ਦੋਊ ਤਹ ਨਾਹੀ ਰਾਤਿ ਦਿਨਸੁ ਤਹ ਨਾਹੀ ॥
ਜਲੁ ਨਹੀ ਪਵਨੁ ਪਾਵਕੁ ਫੁਨ ਨਾਹੀ ਸਤਿਗੁਰ ਤਹਾ ਸਮਾਹੀ ॥
ਅਗਮ ਅਗੋਚਰੁ ਰਹੈ ਨਿਰੰਤਰਿ ਗੁਰ ਕਿਰਪਾ ਤੇ ਲਹੀਐ ॥
ਕਹੁ ਕਬੀਰ ਬਲਿ ਜਾਉ ਗੁਰ ਅਪੁਨੇ ਸਤਸੰਗਤਿ ਮਿਲਿ ਰਹੀਐ ॥੩॥੪॥੪੮॥

[ਗਉੜੀ ਕਬੀਰ ਜੀ, ਪੰਨਾ ੩੩੩

ਐਸਾ ਜੋ ਨਿਹਚਲ ਸਚ ਥਾਨ ਸਚਖੰਡ ਹੈ, ਤਿਸ ਦੀ ਮਹਿਮਾ ਤੇ ਤਿਥੇ ਵਸਣਹਾਰਿਆਂ ਦੀ ਅਵਸਥਾ ਦਸਦੇ ਹੋਏ ਭਗਤ ਰਵਿਦਾਸ ਜੀ ਇਉਂ ਉਚਾਰਨ ਕਰਦੇ ਹਨ :—

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹ ਨਹੀ ਤਿਹਿ ਠਾਉ ॥
ਨਾ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸ ਜਵਾਲੁ ॥੧॥
ਅਬ ਮੋਹਿ ਖੂਬ ਵਤਨ ਗਹਿ ਪਾਈ ॥ ਊਹਾ ਖੈਰਿ ਸਦਾ ਮੇਰੇ ਭਾਈ ॥੧॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥



www.AKJ.Org

ਆਬਾਦਾਨੁ ਸਦਾ ਮਸਹੂਰ ॥ ਊਹਾ ਗਨੀ ਬਸਹਿ ਮਾਮੂਰ ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੋ ਮੀਤ ਹਮਾਰਾ ॥੩॥੨॥

[ਗਉੜੀ ਰਵਿਦਾਸ ਜੀ, ਪੰਨਾ ੩੪੫

ਉਸ ਸੱਚੇ ਖੰਡ ਨੂੰ ਭਗਤ ਰਵਿਦਾਸ ਜੀ ਪ੍ਰੇਮ ਰੰਗਣ ਵਿਚ ਆ ਕੇ ਗ਼ਮ ਰਹਿਤ, ਅਰਥਾਤ ਬੇਗਮਪੁਰੇ ਦਾ ਨਾਉਂ ਦਿੰਦੇ ਹਨ, ਕਿਉਂਕਿ ਓਥੇ ਦੁਖ ਸ਼ੋਕ, ਗ਼ਮ-ਚਿੰਤਾ ਨਹੀਂ, ਨ ਘਬਰਾਹਟ ਹੈ, ਨ ਓਥੇ ਦੁਨੀਆਵੇ ਪਾਤਸ਼ਾਹਾਂ ਵਾਂਗ ਕਿਸੇ ਪਾਤਸ਼ਾਹ ਨੂੰ 'ਕਰ' ਦੇਣਾ ਪੈਂਦਾ ਹੈ, ਨ ਤਿਥੇ ਸੰਸਾਰਕ ਮਾਲ ਧਨ ਹੈ। ਨਾ ਉਥੇ ਡਰ, ਨ ਗੁਨਾਹ ਤੇ ਨ ਜ਼ਵਾਲ (ਘਾਟਾ) ਹੀ ਹੈ। ਕਹਿੰਦੇ ਹਨ ਰਵਿਦਾਸ ਜੀ ਕਿ ਅਸੀਂ ਅਜਿਹੀ ਚੰਗੀ ਵਤਨਗਾਹ (ਨਿਵਾਸ-ਅਸਥਾਨ) ਪਾਈ ਹੈ ਕਿ ਜਿਥੇ ਸਦਾ ਸੁਖ-ਸਾਂਦ ਵਰਤਦੀ ਹੈ। ਓਥੇ ਸੱਚੇ ਨਿਰੰਕਾਰ ਦੀ ਸੱਚੀ ਪਾਤਸ਼ਾਹੀ ਸਦ-ਸਦੀਵ ਕਾਇਮ ਰਹਿੰਦੀ ਹੈ। ਕੂੜੀਆਂ ਸੰਸਾਰਕ ਪਾਤਸ਼ਾਹੀਆਂ ਵਾਂਗ ਦੂਜੀ ਤੀਜੀ ਪਾਤਸ਼ਾਹੀ ਨਹੀਂ ਬਦਲਦੀ। ਸਦਾ ਇਕੋ ਹੀ ਰਹਿੰਦੀ ਹੈ। ਇਹ ਸਚਖੰਡ ਬੇਗਮਪੁਰਾ ਸਹਿਰ ਬੜਾ ਘੁੱਗ ਵਸਦਾ ਹੈ, ਤੇ ਨਿਰੰਕਾਰ ਦਾ ਨਿਵਾਸ-ਖੰਡ ਹੋਣ ਕਰਕੇ ਨਿਰੰਕਾਰ ਸਮਾਨ ਹੀ ਪ੍ਰਸਿਧ ਹੈ। ਉਥੇ ਨਾਮ ਧਨ ਨਾਲ ਨਿਵਾਜੇ ਹੋਏ, ਨਾਮ ਰਸ ਦੇ ਧਨੀ ਭਗਤ ਜਨ ਹੀ ਵਸਦੇ ਹਨ। ਉਹ ਉਸ ਸਚਖੰਡ ਰੂਪੀ ਸੱਚੇ ਮਹਿਲ ਦੇ ਮਹਿਰਮ (ਭੇਤੀ) ਹੁੰਦੇ ਹਨ। ਉਹ ਜਿਵੇਂ ਚਾਹੁਣ, ਏਸ ਮਹਿਲ ਦਾ ਸੈਲ ਕਰਨ ਰੂਪੀ ਆਨੰਦ ਲੈਣ। ਤਿਨ੍ਹਾਂ ਨੂੰ ਅਟਕ ਅਟਕਾਉ ਕੋਈ ਨਹੀਂ। ਭਾਵੇਂ ਤਿਥੇ ਵਸਣ ਚਾਹੇ ਇਸ ਲੋਕ ਵਿਚ ਸੈਲ ਦੇ ਤੌਰ ਪਰ "ਗੁਰਮੁਖਿ ਆਵੈ ਜਾਇ ਨਿਸੰਗੁ"* ਦੇ ਗੁਰਵਾਕ ਅਨੁਸਾਰ ਮੁੜ ਫੇਰਾ ਪਾਉਣ ਲਈ ਆ ਜਾਣ। ਓਥੇ ਸਦਾ ਹੀ ਅਸਲ ਸੱਚੇ ਅਰਥਾਂ ਵਾਲੀ ਆਜ਼ਾਦੀ ਓਥੇ ਦੇ ਵਸਨੀਕਾਂ ਨੂੰ ਪ੍ਰਾਪਤ ਹੈ। ਐਸੇ ਸਚਖੰਡ ਬੇਗਮਪੁਰੇ ਸ਼ਹਿਰ ਦੇ ਜੋ ਸ਼ਹਿਰੀ ਹਮਵਤਨ ਹਨ, ਓਹੋ ਹੀ, ਭਗਤ ਰਵਿਦਾਸ ਜੀ ਕਹਿੰਦੇ ਹਨ ਕਿ, ਸਾਡੇ ਮਿੱਤਰ ਹਨ। ਅਰਥਾਤ ਸੱਚੇ ਮਿੱਤਰ ਨਾਮ-ਰਸੀਏ ਸਜਨ ਹੀ ਹਨ। ਓਹਨਾਂ ਦੀ ਹੀ ਪ੍ਰਸਪਰ ਮਿੱਤਰਤਾ ਨਾਮ ਦੇ ਸੰਬੰਧ ਕਰਕੇ ਤੋੜ ਨਿਭ ਸਕਦੀ ਹੈ, ਤੇ ਲੋਕ ਪਰਲੋਕ ਵਿਚ ਸਦਾ ਲਈ ਕਾਇਮ ਰਹਿ ਸਕਦੀ ਹੈ।

ਤਿਸ ਅਲੌਕਿਕ ਸਚਖੰਡ ਤੋਂ ਅਕਾਲ ਪੁਰਖ ਨਿਰੰਕਾਰ ਦੀ ਨਿਰੰਕਾਰੀ ਜੋਤਿ ਏਸ ਮਾਤ ਲੋਕ ਵਿਚ ਜਗਤ-ਨਿਸਤਾਰੇ ਲਈ ਗੁਰੂ ਰੂਪ ਹੋ ਕੇ ਬਾਬੇ ਨਾਨਕ ਨਿਰੰਕਾਰੀ ਦੇ ਸਰੂਪ ਵਿਚ ਉਤਰੀ, ਜੋ ਦਸ ਜਾਮੇ ਧਾਰ ਕੇ ਫੇਰ ਤਿਸੇ ਸਚਖੰਡ-ਮੰਡਲ ਵਿਚ ਜਾ ਨਿਰੰਕਾਰ ਦੀ ਜੋਤਿ ਵਿਚ ਪ੍ਰਵੇਸ਼ ਹੋਈ ਤੇ ਜਗਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ ਸ਼ਬਦ ਰੂਪ ਹੋ ਕੇ ਵਰਤਮਾਨ ਹੋਈ। ਦਸ ਗੁਰੂ ਜਾਮਿਆਂ ਦੀ ਜੋਤਿ ਜਿਵੇਂ ਏਸ ਲੋਕ ਵਿਚ ਪ੍ਰਵੇਸ਼ ਹੁੰਦੀ ਰਹੀ, ਤਿਸ ਪ੍ਰਥਾਇ ਭਟਾਂ ਦੇ ਸਵੱਈਆਂ ਵਿਚ ਇਉਂ ਅੰਕਿਤ ਹੋਇਆ ਹੈ :—

ਦੇਵਪੁਰੀ ਮਹਿ ਗਯਉ ਆਪਿ ਪਰਮੇਸ੍ਰ ਭਾਯਉ ॥
ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ ॥
ਰਹਸੁ ਕੀਉ ਸੁਰ ਦੇਵ ਤੋਹਿ ਜਸੁ ਜਯ ਜਯ ਜੰਪਹਿ ॥
ਅਸੁਰ ਗਏ ਤੇ ਭਾਗਿ ਪਾਪ ਤਿਨ੍ ਭੀਤਰਿ ਕੰਪਹਿ ॥
ਕਾਟੇ ਸੁ ਪਾਪ ਤਿਨ੍ ਨਰਹੁ ਕੇ ਗੁਰੁ ਰਾਮਦਾਸੁ ਜਿਨ੍ ਪਾਇਯਉ ॥
ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਯਉ ॥੨॥੨੧॥੯॥੧੧॥

[ਸਵਈਏ ਮਹਲੇ ਪੰਜਵੇਂ ਕੇ, ਪੰਨਾ ੧੪੦੯

(੧) ਇਸ ਗੁਰਵਾਕ ਤੋਂ ਇਹ ਗੱਲਾਂ ਸਪੱਸ਼ਟ ਸਿਧ ਹੁੰਦੀਆਂ ਹਨ ਕਿ ਸਚਖੰਡ ਮਈ ਦੇਵਪੁਰੀ ਇਕ ਖਾਸ ਦਿਬ-ਮੰਡਲੀ ਅਸਥਾਨ ਹੈ, ਜਿਥੋਂ ਕਿ ਗੁਰੂ-ਜੋਤਿ-ਜਾਮਿਆਂ ਦੇ ਆਗਮਨ ਹੋਏ ਅਤੇ ਦੇਵਨੇਤੀ ਅਕਾਲੀ

---

*ਰਾਮਕਲੀ ਮ: ੧, ਓਅੰਕਾਰ, ਪੰਨਾ ੯੩੨


www.AKJ.Org

ਭਾਣੇ ਅੰਦਰ ਫਿਰ ਉਸ ਅਸਥਾਨ ਵਿਖੇ ਉਪਕਾਰ-ਯਾਤਰਾ ਪੂਰੀ ਕਰ ਕੇ ਮੁੜਿ ਗਵਨ ਕਰਦੇ ਰਹੇ। ਪਰਮੇਸੂਰ ਪਰਮਾਤਮ ਦੇਵ ਦੀ ਦੇਵ-ਪੁਰੀਓਂ ਸਚਖੰਡੋਂ ਨਿਰੰਕਾਰੀ ਰੂਪ ਓਅੰਕਾਰ ਹੋ ਕੇ ਹੀ ਵਾਹਿਗੁਰੂ ਪਰਮਾਤਮ ਦੇਵ ਦੇ ਸੁਪ੍ਰਸੰਨਤਾ ਸੰਪੰਨ ਭਾਣੇ ਅੰਦਰ ਹੀ ਗੁਰੂ-ਜੋਤਿ-ਜਾਮੇ ਆਪੋ ਆਪਣਾ ਗੁਰਤੱਤਾ ਨਿਪੁੰਨ ਮਿਸ਼ਨ ਪੂਰਾ ਕਰਿ ਕਰਿ ਮੁੜਿ ਨਿਜ ਦੇਵ-ਸਥਾਨੇ ਪਿਆਨੇ ਕਰਦੇ ਰਹੇ।

(੨) ਸਿਰੀ ਅਕਾਲ ਪੁਰਖ ਦੇ ਦਿਬ ਰੂਪ ਦੇਵ-ਸਥਾਨੀ (ਸਚਖੰਡੀ) ਸਿੰਘਾਸਨ ਦਾ ਭੀ ਵਜੂਦ ਹੈ, ਜੋ ਸਚਖੰਡ ਵਿਖੇ ਸਦਾ ਮਉਜੂਦ ਹੈ। ਉਸ ਸਚਖੰਡੀ ਸਿੰਘਾਸਨ ਦਾ ਵਜੂਦ ਅੱਤ ਅਨੂਪਮ, ਪਰਮ ਅਧਿਭੁਤ ਅਤੇ ਅੱਤ ਸੁੱਚੀ ਸੱਚੀ ਦਿਬ ਜੜਤ ਸੇਤੀ ਮੁਰੱਸਾ (ਜੜੰਨਾ) ਹੈ, ਜੋ ਵਰਨਿਆ ਨਹੀਂ ਜਾ ਸਕਦਾ। ਕੇਵਲ ਦੇਖਾ ਹੀ ਪਰਵਾਨ ਹੈ।

(੩) ਸਚਖੰਡ ਵਿਖੇ ਹਰਿ ਸਿੰਘਾਸਨ ਤੇ ਬੈਠਾ ਸੱਚਾ ਨਿਰੰਕਾਰ ਵਾਹਿਗੁਰੂ ਜਲਵਾਗਰ ਹੋਇ, ਆਪਣੇ ਸਚਖੰਡ ਮੰਡਲੀ ਭਗਤ ਜਨਾਂ ਨੂੰ ਨਦਰੀ ਆਉਂਦਾ ਤੇ ਬਿਸਮਾਉਂਦਾ ਹੈ, ਜਿਸਦੀ ਸੋਭਾ ਨੂੰ ਪੇਖਣਹਾਰੇ ਭਗਤ ਜਨ ਬਿਸਮ ਰੂਪ ਹੀ ਹੋਇ ਰਹਿੰਦੇ ਹਨ।

(੪) ਦਿਬ ਜੋਤੀਸ਼ ਗੁਰੂ ਜਾਮੇ ਜਦੋਂ ਆਪਣੀ ਗੁਰੱਤ-ਮਿਸ਼ਨ-ਯਾਤਰਾ ਪੂਰੀ ਕਰ ਕੇ ਸਚਖੰਡ ਨੂੰ ਸਧਾਰਦੇ ਹਨ ਤਾਂ ਉਹ ਨਿਰੰਕਾਰ ਸੱਚੇ ਤਖਤ ਸਿੰਘਾਸਨ ਵਾਲਾ ਸਚਖੰਡੀ ਪਾਤਸ਼ਾਹੀ ਵਾਹਿਗੁਰੂ, ਆਪਣੇ ਗੁਰੂ-ਜੋਤਿ-ਅੰਸੀ-ਸਰੂਪ-ਗੁਰੂ-ਜਾਮਿਆਂ ਦੀ ਆਗਮ-ਅਗਵਾਈ (ਇਸਤਕਬਾਲ) ਕਰ ਕੇ, ਉਨ੍ਹਾਂ ਨੂੰ ਨਿਜ ਸਿੰਘਾਸਨ ਉਤੇ ਬਿਰਾਜਮਾਨ ਕਰਾਇ ਲੈਂਦਾ ਹੈ। ਹਰਿ ਜੀਉ ਛਾਡ ਸਿੰਘਾਸਨ ਆਉਂਦਾ ਹੈ ਅਤੇ ਨਿਜ ਸਰੂਪ-ਅੰਸ-ਗੁਰੂ-ਜੋਤਿ-ਜਾਮੇ ਨੂੰ ਸਿੰਘਾਸਨ ਤੇ ਬਿਠਾਉਂਦਾ ਹੈ।

(੫) ਫਿਰ ਇਕੈ ਸਿੰਘਾਸਨ ਉਤੇ ਸਿਰੀ ਵਾਹਿਗੁਰੂ ਨਿਰੰਕਾਰ ਅਤੇ ਗੁਰੂ ਜੋਤਿ ਜਾਮੇ ਬਿਰਾਜਮਾਨ ਹੋਇ ਰਹਿੰਦੇ ਹਨ, ਜੋ ਭਿੰਨ ਭਿੰਨ ਸਰੂਪ ਵਿਚ ਭੀ ਨਿਰਖੇ ਜਾਂਦੇ ਹਨ ਅਤੇ ਅਭੇਦ ਰੂਪ ਭੀ ਹੋਇ ਰਹਿੰਦੇ ਹਨ। ਇਹ ਇਕ ਅਧਿਭੁਤ ਦ੍ਰਿਸ਼ਯ ਹੈ, ਜਿਸ ਦਾ ਅਮੰਨਾ ਕੇਵਲ ਸਾਖਸ਼ਾਤਕਾਰ ਹੋਇਆਂ ਹੀ ਆ ਸਕਦਾ ਹੈ।

ਇਸ ਦ੍ਰਿਸ਼ਯ ਨੂੰ ਦੇਖ ਕੇ ਰਹੱਸ-ਪੁਰੀ ਬਿਸਮ ਖੰਡਪੁਰੀ ਦੇ ਸੁਰ ਦੇਵ ਅਤਯੰਤ ਹੀ ਬਿਸਮਾਦ ਜਨਕ ਆਨੰਦ ਨੂੰ ਪ੍ਰਾਪਤ ਹੁੰਦੇ ਹਨ। ਅਤੇ ਜੈ ਜੈਕਾਰ ਦੀਆਂ ਧੁਨੀਆਂ ਜੰਪਾਉਂਦੇ ਅਲਾਉਂਦੇ ਹਨ। ਗੁਰਪੁਰੀ ਨੂੰ ਜਾਂਦਿਆਂ ਨੂੰ ਪੇਖ ਕੇ ਉਰਲੇ ਖੰਡਾਂ ਦੇ ਜਿਤਨੇ ਭੀ ਸੁਰਦੇਵ ਹਨ ਤਿਨ੍ਹਾਂ ਨੇ ਤਾਂ ਜੈ ਜੈਕਾਰ ਧੁਨੀਆਂ ਗੁੰਜਾਇ ਕੈ ਪਰਫੁਲਤ ਹੋਣਾ ਹੀ ਸੀ, ਪਰ ਜਮ-ਪੁਰੀਆਂ ਦੇ ਜਮਦੂਤ ਗਣ ਭੀ ਜਮ-ਪੁਰੀਆਂ ਨੂੰ ਅਤੇ ਜਮਪੁਰੀ ਜੰਤੂਆਂ ਨੂੰ ਛਡ ਕੇ ਭਜ ਜਾਂਦੇ ਹਨ। ਓਹਨਾਂ ਦੇ ਅੰਦਰਲੇ ਪਾਪ ਆਪੇ ਹੀ ਕੰਬ ਉਠਦੇ ਹਨ। ਜਦ ਨਿਰੰਕਾਰੀ ਅਕਸ ਮਾਤਰੀ ਨਿਕਟਾਰ ਗੁਜ਼ਾਰ ਕਰ ਕੇ ਜਮ ਅਤੇ ਜਮ-ਨਗਰ-ਵਾਸੀਆਂ ਦੇ ਪਾਪ ਕੰਬ ਉਠਦੇ ਹਨ ਅਤੇ ਅਸੁਰ ਭਾਗ ਜਾਂਦੇ ਹਨ ਤਦ ਜਿਨ੍ਹਾਂ ਨੇ ਪਰਤੱਖ ਪ੍ਰਾਪਤੀ ਦਰਸ਼ਨ ਗੁਰੂ ਨਿਰੰਕਾਰੀ ਜੋਤਿ ਜਾਮਿਆਂ ਦੇ ਦਰਸ਼ਨਾਂ ਦੀ ਇਸ ਮਾਤ ਲੋਕ ਵਿਖੇ ਕਰ ਲਈ ਹੈ, ਤਿਨ੍ਹਾਂ ਦੇ ਪਾਪ ਤਾਂ ਕਟੇ ਜਾਣੇ ਹੀ ਸੀ, ਅਰਥਾਤ ਤਿਨ੍ਹਾਂ ਨਰਾਂ ਦੇ ਪਾਪ ਕਟੇ ਗਏ।

ਗੁਰੂ ਜੋਤਿ ਜਾਮਿਆਂ ਦੇ ਸਚਖੰਡ ਗਵਨ ਦੀ ਅਮਿਤ ਮਹਿਮਾ ਇਹੀ ਰਹੀ ਹੈ ਕਿ ਅਨੇਕਾਂ ਸੁਰ ਨਰ ਮੁਨ ਜਨਾਂ ਨੂੰ ਤਾਰ ਕੇ ਇਸ ਮਾਤ ਲੋਕ ਵਿਖੇ ਜਿਉਂ ਆਏ, ਗੁਰਤੱਤਾ ਦਾ ਛੱਤਰ ਸਿੰਘਾਸਨ ਇਸ ਪ੍ਰਿਥਮੀ ਵਿਖੇ ਕਾਇਮ ਦਾਇਮ ਹੀ ਰਖਿਆ, ਜੋ ਹੁਣ ਤੀਕ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਜਾਮੇ ਸਰੂਪ ਵਿਚ ਵਿਦਮਾਨ ਹੈ। ਅੱਜ ਗੁਰੂ ਕੇ ਸਿਖ ਇਸ ਮਾਤ ਲੋਕ ਵਿਖੇ ਭੀ ਛੱਤਰ-ਸਿੰਘਾਸਨੀ ਸੱਚੇ ਗੁਰੂ ਪਾਤਸ਼ਾਹ ਦੀ ਸਤਿਸੰਗਤ ਦੇ ਤੁਫ਼ੈਲ ਅਰਸ਼ਾਂ ਕੁਰਸ਼ਾਂ ਦੇ ਸਚਖੰਡੀ ਦਰਸ਼ਨ ਦਾ ਸਾਂਗੋ ਪਾਂਗ ਨਜ਼ਾਰਾ ਮਾਣ ਸਕਦੇ ਹਨ, ਜਿਸ ਨੂੰ ਕਹਿਣ ਕਥਨ ਦੀ ਕੁਦਰਤ ਨਹੀਂ। ਇਸ ਦੀ ਸੋਭਾ ਬਸ ਪੇਖੀ ਹੀ ਪਰਵਾਨ ਹੈ—

ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥ [ਸਲੋਕ ਕਬੀਰ ਜੀ, ਪੰਨਾ ੧੩੭੦

["ਸਚਖੰਡ ਦਰਸ਼ਨ" ਪੁਸਤਕ ਵਿਚੋਂ

www.AKJ.Org

# ਆਤਮਕ ਬਰਕਤਾਂ

## ਸਿਫਤੀ ਗੰਢੁ ਪਵੈ ਦਰਬਾਰਿ ॥ (ਗੁਰੂ ਨਾਨਕ)

[ਵਲੋਂ:—ਪ੍ਰੋਫ਼ੈਸਰ ਸਾਹਿਬ ਸਿੰਘ ਜੀ, ਡੀ. ਲਿਟ.]

ਦਿਨੋ ਦਿਨ ਸਮਾਂ ਦਿਮਾਗੀ ਰੌਸ਼ਨੀ ਦਾ ਆ ਰਿਹਾ ਹੈ। ਅੱਜ ਕਲ੍ਹ ਦੀ ਵਿਦਿਆ ਪੜ੍ਹ ਕੇ ਮਨੁੱਖ ਦਾ ਮਨ ਵਧੀਕ ਚੰਚਲ ਹੁੰਦਾ ਜਾ ਰਿਹਾ ਹੈ; ਸ਼ਰਧਾ-ਭਾਵ ਘਟ ਰਿਹਾ ਹੈ। ਸਾਡੇ ਦੇਸ ਵਿਚ ਪਹਿਲਾਂ ਭੀ ਇਹੋ ਜਿਹੇ ਮੱਤ ਪ੍ਰਚਲਤ ਸਨ ਜੋ ਇਸ ਗੱਲ ਤੇ ਜ਼ੋਰ ਦੇਂਦੇ ਸਨ ਕਿ ਇਹ ਸਾਰੀ ਦੁਨੀਆ ਕਿਸੇ ਖ਼ਾਸ ਨਿਯਮਾਂ ਦੇ ਆਸਰੇ ਆਪਣੇ ਆਪ ਬਣੀ ਹੋਈ ਹੈ; ਇਸ ਦਾ ਖ਼ਾਸ ਕਰਤਾ ਕੋਈ ਨਹੀਂ ਹੈ। ਪਰ ਹੁਣ ਦੀ ਰੁੱਖੀ ਵਿਦਿਆ ਤਾਂ ਚੰਚਲ ਮਨਾਂ ਨੂੰ ਬੜੀ ਛੇਤੀ ਕਰਤਾਰ ਦੀ ਹੋਂਦ ਤੋਂ ਨਮੁੱਕਰ ਕਰਾਈ ਜਾ ਰਹੀ ਹੈ।

ਦੂਜੇ ਪਾਸੇ, ਜੋ ਮਨੁੱਖ ਕਿਸੇ ਦੁਖ ਨੂੰ ਨਵਿਰਤ ਕਰਨ ਲਈ ਜਾਂ ਧਨ ਪਦਾਰਥ ਆਦਿਕ ਕਿਸੇ ਲੋੜ ਦੀ ਖ਼ਾਤਰ, ਜਾਂ ਆਤਮਾ ਨੂੰ ਸੁਖੀ ਕਰਨ ਵਾਸਤੇ ਹੀ ਕਿਸੇ ਵੇਲੇ ਦੁਨੀਆ ਦੇ ਧੰਧਿਆਂ ਤੋਂ ਆਪਣੇ ਆਪ ਨੂੰ ਸਮੇਟ ਕੇ ਬਾਣੀ ਦਾ ਪਾਠ ਕਰਨ ਬੈਠਦਾ ਹੈ, ਜਾਂ ਅਰਦਾਸ ਕਰਨ ਲਗਦਾ ਹੈ, ਸੁਤੇ ਹੀ ਉਸ ਦੇ ਧੁਰ ਅੰਦਰ ਇਕ ਟੇਕ ਬਣੀ ਹੋਈ ਹੈ। ਉਹ ਕੀ ਹੈ? ਪ੍ਰਭੂ ਦੀ ਹੋਂਦ, ਇਕ ਕਰਤਾਰ ਦਾਤਾਰ ਦੀ ਸੱਚ-ਮੁੱਚ ਦੀ ਹਸਤੀ, ਜੋ ਸਾਰੀ ਸ੍ਰਿਸ਼ਟੀ ਦਾ ਪੈਦਾ ਕਰਨ ਵਾਲਾ ਹੈ ਤੇ ਜੀਆਂ ਦਾ ਰਾਜ਼ਕ ਹੈ। ਜੇ ਉਸ ਦੇ ਅੰਦਰ ਇਹ ਯਕੀਨ ਨਾ ਹੋਵੇ ਕਿ ਪ੍ਰਭੂ ਸੱਚ-ਮੁੱਚ ਮੌਜੂਦ ਹੈ ਤਾਂ ਉਸ ਦੀ ਅਰਦਾਸ-ਅਰਜ਼ੋਈ ਦਾ ਕੋਈ ਅਰਥ ਹੀ ਨਹੀਂ ਹੋ ਸਕਦਾ, ਨਿਰਾ ਸਮੇਂ ਤੇ ਉੱਦਮ ਨੂੰ ਵਿਅਰਥ ਗਵਾਉਣ ਵਾਲੀ ਗੱਲ ਹੈ। ਸ੍ਰਿਸ਼ਟੀ ਦੀ ਰਚਨਾ ਵਾਲੇ ਕਿਸੇ ਖ਼ਾਸ ਨਿਯਮਾਂ ਅਗੇ ਅਰਜ਼ੋਈ ਕਰਨੀ ਤੇ ਨੱਕ ਰਗੜਨਾ ਇਕ ਹਾਸੇ ਵਾਲੀ ਗੱਲ ਹੈ। ਨਿਯਮਾਂ ਦੇ ਥਾਪਣਹਾਰੇ ਦੇ ਅਗੇ ਹੀ ਅਰਦਾਸ ਬੇਨਤੀ ਹੋ ਸਕਦੀ ਹੈ।

ਬਾਲਕ ਜਦੋਂ ਆਪਣੀ ਮਾਂ ਪਾਸੋਂ ਦੁੱਧ ਆਦਿਕ ਮੰਗਦਾ ਹੈ ਤਾਂ ਮੰਗਣ ਤੋਂ ਪਹਿਲਾਂ ਇਕ ਗੱਲ ਸੁਤੇ ਹੀ ਉਸ ਦੇ ਧੁਰ ਅੰਦਰ ਟਿਕੀ ਹੋਈ ਹੁੰਦੀ ਹੈ, ਉਹ ਇਹ ਕਿ ਮੈਂ "ਇਕ ਜੀਉਂਦੀ ਜਾਗਦੀ ਮਾਂ ਤੋਂ ਮੰਗ ਰਿਹਾ ਹਾਂ। ਜਿਸ ਕੋਲੋਂ ਦੁੱਧ ਮੰਗ ਰਿਹਾ ਹਾਂ, ਉਹ ਮੇਰੇ ਸਾਹਮਣੇ ਸੱਚ-ਮੁੱਚ ਮੌਜੂਦ ਹੈ ਤੇ ਮੇਰੀ ਗੱਲ ਨੂੰ ਸੁਣ ਰਹੀ ਹੈ"। ਜਦ ਤਾਈਂ ਇਹ ਪੱਕਾ ਨਿਸਚਾ ਨਾ ਹੋਵੇ, ਜਦ ਤਾਈਂ ਬਾਲਕ ਆਪਣੇ ਸਾਹਮਣੇ ਮਾਂ ਨੂੰ ਸੱਚ-ਮੁੱਚ ਵੇਖ ਨਾ ਰਿਹਾ ਹੋਵੇ, ਤਦ ਤਾਈਂ ਉਹ ਦੁੱਧ ਆਦਿਕ ਕੋਈ ਚੀਜ਼ ਮੰਗਦਾ ਹੀ ਨਹੀਂ। ਇਸੇ ਤਰ੍ਹਾਂ ਪ੍ਰਭੂ ਦੇ ਦਰ ਤੇ ਅਰਜ਼ੋਈ ਕਰਨ ਵੇਲੇ ਸਭ ਤੋਂ ਪਹਿਲਾਂ ਸਾਡੇ ਧੁਰ ਅੰਦਰ ਇਹ ਨਿਸਚਾ ਹੈ ਕਿ ਅਸੀਂ ਕਿਸੇ ਹਾਜ਼ਰਾ-ਹਜ਼ੂਰ ਮਾਲਕ ਦੀ ਹਜ਼ੂਰੀ ਵਿਚ ਖਲੋਣ ਲਗੇ ਹਾਂ, ਉਸ ਦਾਤੇ ਪਾਸੋਂ ਆਪਣੇ ਮਨ ਦੀ ਮੁਰਾਦ ਮੰਗਣ ਲਗੇ ਹਾਂ, ਅਤੇ ਇਹ ਆਸ ਰਖਦੇ ਹਾਂ ਕਿ ਉਹ ਪਿਤਾ ਸਾਡੀ ਮਨੋ-ਕਾਮਨਾ ਪੂਰੀ ਕਰੇਗਾ।

ਤਉ ਕਿਰਪਾ ਤੇ ਮਾਰਗੁ ਪਾਈਐ ॥ ਪ੍ਰਭ ਕਿਰਪਾ ਤੇ ਨਾਮੁ ਧਿਆਈਐ ॥
ਪ੍ਰਭ ਕਿਰਪਾ ਤੇ ਬੰਧਨ ਛੁਟੈ ॥ ਤਉ ਕਿਰਪਾ ਤੇ ਹਉਮੈ ਤੁਟੈ ॥੧॥
ਤੁਮ ਲਾਵਹੁ ਤਉ ਲਾਗਹਿ ਸੇਵ ॥ ਹਮ ਤੇ ਕਛੂ ਨ ਹੋਵੈ ਦੇਵ ॥੧॥ਰਹਾਉ॥
ਤੁਧੁ ਭਾਵੈ ਤਾ ਗਾਵਾ ਬਾਣੀ ॥ ਤੁਧੁ ਭਾਵੈ ਤਾ ਸਚੁ ਵਖਾਣੀ ॥
ਤੁਧੁ ਭਾਵੈ ਤਾ ਸਤਿਗੁਰ ਮਇਆ ॥ ਸਰਬ ਸੁਖਾ ਪ੍ਰਭ ਤੇਰੀ ਦਇਆ ॥੨॥
ਜੋ ਤੁਧੁ ਭਾਵੈ ਸੋ ਨਿਰਮਲ ਕਰਮਾ ॥ ਜੋ ਤੁਧੁ ਭਾਵੈ ਸੋ ਸਚ ਧਰਮਾ ॥
ਸਰਬ ਨਿਧਾਨ ਗੁਣ ਤੁਮ ਹੀ ਪਾਸਿ ॥ ਤੂੰ ਸਾਹਿਬ ਸੇਵਕ ਅਰਦਾਸਿ ॥੩॥



www.AKJ.org

ਮਨੁ ਤਨੁ ਨਿਰਮਲੁ ਹੋਇ ਹਰਿ ਰੰਗਿ ॥ ਸਰਬ ਸੁਖਾ ਪਾਵਉ ਸਤ ਸੰਗਿ ॥
ਨਾਮਿ ਤੇਰੈ ਰਹੈ ਮਨੁ ਰਾਤਾ ॥ ਇਹੁ ਕਲਿਆਣੁ ਨਾਨਕ ਕਰਿ ਜਾਤਾ ॥੪॥੧੪॥
[ਗਉੜੀ ਗੁਆਰੇਰੀ ਮਹਲਾ ੫

ਇਨ੍ਹਾਂ ਸੁਹਣੇ ਸ਼ਬਦਾਂ ਦੁਆਰਾ ਅਰਦਾਸ ਕਰਨ ਵੇਲੇ ਸੁਤੇ ਹੀ ਅਸੀ ਇਹ ਯਕੀਨ ਰੱਖੀ ਬੈਠੇ ਹਾਂ ਕਿ ਅਸੀ ਸੱਚ-ਮੁਚ ਹਸਤੀ ਵਾਲੇ ਮਾਲਕ ਪਾਸੋਂ ਮੰਗ ਰਹੇ ਹਾਂ, ਉਹ ਸਾਡੇ ਸਾਹਮਣੇ ਬੈਠਾ ਹੈ ਤੇ ਸਾਡੀ ਅਰਜ਼ੋਈ ਸੁਣ ਰਿਹਾ ਹੈ। ਸੋ, ਪ੍ਰਭੂ ਦੇ ਦਰ ਤੋਂ ਕੋਈ ਪਦਾਰਥ ਮੰਗਣ ਦਾ ਜਤਨ ਕਰਦੇ-ਸਾਰ ਹੀ ਸਭ ਤੋਂ ਪਹਿਲੀ ਬਖ਼ਸ਼ਸ਼ ਇਹ ਹੁੰਦੀ ਹੈ ਕਿ ਅਸੀ ਆਪਣੇ ਸਿਰਜਨਹਾਰ ਦੀ ਹਸਤੀ ਨੂੰ ਸੱਚ-ਮੁੱਚ ਮੰਨਦੇ ਹਾਂ ਤੇ ਉਸ ਦੀ ਹਜ਼ੂਰੀ ਵਿਚ ਹਾਜ਼ਰ ਹੋਣ ਦਾ ਆਹਰ ਕਰਦੇ ਹਾਂ।

ਪਿੱਛੇ ਦੱਸਿਆ ਜਾ ਚੁੱਕਾ ਹੈ ਕਿ ਦਿਨੋ ਦਿਨ ਸਮਾ ਅਜਿਹਾ ਆ ਰਿਹਾ ਹੈ, ਜਿਸ ਵਿਚ ਲੋਕ ਸਿਰਜਨਹਾਰ ਦੀ ਹੋਂਦ ਤੋਂ ਹੀ ਨਮੁੱਕਰ ਹੋਈ ਜਾ ਰਹੇ ਹਨ। ਇਸ ਮੁਰਦਿਹਾਣ ਪੈਦਾ ਕਰਨ ਵਾਲੀ ਰੌ ਤੋਂ ਬਚਣ ਲਈ ਗੁਰਸਿੱਖ ਵਾਸਤੇ ਅੱਤ ਜ਼ਰੂਰੀ ਹੈ ਕਿ ਆਪਣੇ ਕਰਤਾਰ ਅਗੇ ਅਰਦਾਸ ਕਰਦਾ ਰਹੇ, ਦਾਤੇ ਦੇ ਚਰਨਾਂ ਵਿਚ ਸਦਾ ਜੁੜਨ ਦਾ ਆਹਰ ਕਰਦਾ ਰਹੇ। ਜਿਉਂ ਜਿਉਂ ਸਿੱਖ ਆਪਣੇ ਪ੍ਰੀਤਮ-ਪ੍ਰਭੂ ਦੀ ਹਜ਼ੂਰੀ ਵਿਚ ਹਾਜ਼ਰ ਹੋਣ ਦਾ ਉੱਦਮ ਕਰੇਗਾ, ਤਿਉਂ ਤਿਉਂ ਮਾਲਕ ਦੀ ਹਸਤੀ ਦਾ ਯਕੀਨ ਦਿਲ ਵਿਚ ਬੱਝਦਾ ਜਾਏਗਾ, ਕਿਉਂਕਿ ਮਾਲਕ ਦੀ ਹੋਂਦ ਦੇ ਨਿਸਚੇ ਤੋਂ ਬਿਨਾ ਉਸ ਦੇ ਅਗੇ ਅਰਦਾਸ-ਅਰਜ਼ੋਈ ਹੋ ਹੀ ਨਹੀਂ ਸਕਦੀ। ਨਿਰਾ ਇਹ ਹੀ ਨਹੀਂ, ਜਿਉਂ ਜਿਉਂ ਸਾਡੀ ਅਰਜ਼ੋਈ ਮਾਲਕ ਦੀ ਦਰਗਾਹ ਵਿੱਚ ਸੁਣੀਦੀ ਹੈ, ਜਿਉਂ ਜਿਉਂ ਸਾਨੂੰ ਉਹਦੇ ਦਰ ਤੋਂ ਮੂੰਹ-ਮੰਗੀ ਮੁਰਾਦ ਮਿਲਦੀ ਹੈ, ਤਿਉਂ ਤਿਉਂ ਸਾਡੇ ਹਿਰਦੇ ਵਿਚ ਇਹ ਵਿਸ਼ਵਾਸ ਪੱਕਾ ਬਣਦਾ ਜਾਂਦਾ ਹੈ ਕਿ ਮਾਲਕ ਸੱਚ-ਮੁੱਚ ਮੌਜੂਦ ਹੈ, ਜੀਉਂਦਾ-ਜਾਗਦਾ ਹੈ ਤੇ ਸਾਡੀ ਬਹੁੜੀ ਕਰਦਾ ਹੈ। ਸੋ, ਦਾਤੇ ਦੇ ਦਰ ਤੋਂ ਮੰਗਣ ਤੇ ਮਨ-ਇੱਛਤ ਮੁਰਾਦ ਦੇ ਪੂਰੇ ਹੋਣ ਦੇ ਦੋ ਲਾਭ ਨਿਕਲਦੇ ਹਨ : ਇਕ ਤਾਂ ਦਿਨੋ ਦਿਨ ਸਾਨੂੰ ਦਾਤਾ-ਪ੍ਰਭੂ ਜੀਉਂਦਾ-ਜਾਗਦਾ, ਹਾਜ਼ਰ-ਨਾਜ਼ਰ, ਸਾਡੇ ਹਰ ਵੇਲੇ ਨੇੜੇ ਜਾਪਣ ਲਗ ਪੈਂਦਾ ਹੈ, ਦੂਜੇ ਇਹ ਸਿਦਕ ਬੱਝਣ ਲੱਗ ਪੈਂਦਾ ਹੈ ਕਿ ਉਹ ਮਾਲਕ ਸਾਡੇ ਤੇ ਤਰਸ ਕਰਦਾ ਹੈ, ਸਦਾ ਸਾਨੂੰ ਪਿਆਰ ਕਰਦਾ ਹੈ।

ਇਹ ਠੀਕ ਹੈ ਕਿ ਸਾਡੇ ਮੰਗਣ ਤੋਂ ਬਿਨਾ ਭੀ ਦਾਤਾ ਆਪਣੀਆਂ ਦਾਤਾਂ ਕਰੀ ਜਾ ਰਿਹਾ ਹੈ, ਪਰ ਅਣਮੰਗੀਆਂ ਦਾਤਾਂ ਮਿਲਣ ਕਰਕੇ ਅਸੀ ਆਮ ਤੌਰ ਤੇ ਇਹ ਖ਼ਿਆਲ ਭੀ ਨਹੀਂ ਕਰਦੇ ਕਿ ਮਾਲਕ ਸਾਡੇ ਤੇ ਬਖ਼ਸ਼ਸ਼ਾਂ ਕਰ ਰਿਹਾ ਹੈ। ਅਸੀ ਉਸ ਦੀਆਂ ਬਰਕਤਾਂ ਵਰਤੀ ਜਾ ਰਹੇ ਹਾਂ, ਪਰ ਕਦੇ ਸ਼ੁਕਰ ਦੇ ਰੰਗ ਵਿਚ ਨਹੀਂ ਆਉਂਦੇ ਕਿ ਦਾਤਾ ਬਖ਼ਸ਼ਿੰਦ ਹੈ। ਇਹ ਅਰਜ਼ੋਈ ਤੇ ਅਰਦਾਸ ਦੀ ਹੀ ਬਰਕਤ ਹੈ ਕਿ ਮਾਲਕ ਤੋਂ ਕੋਈ ਬਖ਼ਸ਼ਸ਼ ਹੋਣ ਤੇ ਉਸ ਨਾਲ ਪਿਆਰ ਦਾ ਸੰਬੰਧ ਬਣਾਉਂਦੀ ਹੈ।

ਅਸੀ ਅਜ ਕਲ੍ਹ ਦੀ ਸਾਇੰਸ ਦੀਆਂ ਨਵੀਆਂ ਨਵੀਆਂ ਕਾਢਾਂ ਤੇ ਜਦੋਂ ਵਿਚਾਰ ਕਰਦੇ ਹਾਂ ਤਾਂ ਹੈਰਾਨੀ ਆਉਂਦੀ ਹੈ ਕਿ ਮਨੁੱਖ ਦੇ ਦਿਮਾਗ਼ ਨੇ ਕੇਡੀ ਕੇਡੀ ਉੱਚੀ ਉਡਾਰੀ ਲਾਈ ਹੈ ਤੇ ਕੀ ਕੀ ਅਚਰਜ ਕੌਤਕ ਕਰ ਵਿਖਾਇਆ ਹੈ। ਅੱਗ ਤੇ ਪਾਣੀ ਤੋਂ ਭਾਪ ਪੈਦਾ ਕਰ ਕੇ ਇਸ ਤੋਂ ਰੇਲ ਗੱਡੀਆਂ ਤੇ ਜਹਾਜ਼ ਚਲਾਉਣ ਦਾ ਕੰਮ ਲਿਆ ਜਾ ਰਿਹਾ ਹੈ। ਬਿਜਲੀ ਵਲ ਵੇਖੋ, ਇਹੋ ਜਿਹੇ ਕੰਮ ਦੇ ਰਹੀ ਹੈ ਕਿ ਵੇਖ ਵੇਖ ਕੇ ਅਕਲ ਹੈਰਾਨ ਹੁੰਦੀ ਹੈ। ਇਸ ਬਿਜਲੀ ਦੀ ਤਾਕਤ ਨਾਲ ਬਣਾਈਆਂ ਹੋਈਆਂ ਤਾਰਾਂ ਤੇ ਟੈਲੀਫ਼ੋਨ ਦੁਨੀਆ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਦੀ ਖ਼ਬਰ ਤੁਰਤ ਲਿਆ ਦੇਂਦੇ ਹਨ। ਅੱਜ ਤੋਂ ਇਕ ਸਦੀ ਪਹਿਲਾਂ ਦੇ ਮਨੁੱਖ ਲਈ ਇਹ ਸਭ ਕੁਝ ਅਲੌਕਿਕ ਹੈ, ਕਰਾਮਾਤ ਹੈ। ਅੱਜ ਤੋਂ ਸੌ ਸਾਲ ਪਹਿਲਾਂ ਜੇ ਕੋਈ ਮਨੁੱਖ ਇਹ ਗੱਲ ਆਖਦਾ ਕਿ ਇਕ ਸ਼ਹਿਰ ਵਿਚ ਬੈਠਾ ਹੋਇਆ ਆਦਮੀ ਘੜੀ ਵਿਚ ਹੀ ਦੁਨੀਆ ਦੇ ਸਭ


www.AKJ.Org

ਸ਼ਹਿਰਾਂ ਨਾਲ ਬਾਤ ਕਰ ਸਕਦਾ ਹੈ ਤਾਂ ਸੁਣਨ ਵਾਲੇ ਉਸ ਨੂੰ ਕਮਲਾ ਆਖਦੇ ਤੇ ਹੱਸ ਛਡਦੇ ਕਿ ਇਹੋ ਜਿਹੀ ਗੱਲ ਕਿਵੇਂ ਹੋ ਸਕਦੀ ਹੈ। ਕੀ ਜਾਣੀਏ, ਕਿ ਕਰਤਾਰ ਦੀ ਇਸ ਬੇਅੰਤ ਕੁਦਰਤ ਵਿਚ ਅਜੇ ਕੀ ਕੀ ਭੇਦ ਲੁਕੇ ਪਏ ਹਨ, ਜਿਹੜੇ ਸਹਿਜ ਸਹਿਜ ਨਾਲ ਮਨੁੱਖ ਦੀ ਅਕਲ ਨੇ ਲੱਭਣੇ ਹਨ !

ਪਰ ਮਨੁੱਖ ਜਿੱਥੇ ਤੱਤਾਂ ਦੀਆਂ ਲੁਕਵੀਆਂ ਤਾਕਤਾਂ ਨੂੰ ਲੱਭਣ ਵਿਚ ਸਿਰ-ਤੋੜ ਜਤਨ ਕਰ ਰਹੇ ਹਨ, ਓਥੇ ਆਤਮਾ ਦੇ ਬਲ ਨੂੰ ਖੋਜਣ ਤੋਂ ਉੱਕਾ ਹੀ ਅਨਗਹਿਲੀ ਕਰੀ ਜਾ ਰਹੇ ਹਨ। ਇੱਥੋਂ ਤਾਈਂ ਸਾਡਾ ਸੁਭਾ ਬਣ ਚੁਕਾ ਹੈ ਕਿ ਸਾਇੰਸ ਦੀ ਤਾਂ ਅਸੀ ਉੱਚੀ ਤੋਂ ਉੱਚੀ ਕਾਢ ਨੂੰ ਭੀ ਮੰਨਣ-ਜੋਗ ਸਮਝ ਲੈਂਦੇ ਹਾਂ, ਪਰ ਆਤਮਕ ਤਾਕਤ ਦੇ ਇਕ ਭੀ ਕਰਿਸ਼ਮੇ ਨੂੰ ਮੰਨਣ ਨੂੰ ਮੰਨਣ ਨੂੰ ਤਿਆਰ ਨਹੀਂ ਹੁੰਦੇ। ਇਹ ਕਹਿ ਕੇ ਹੱਸ ਛਡਦੇ ਹਾਂ ਕਿ ਇਹੋ ਜਿਹੀਆਂ ਕਰਾਮਾਤਾਂ ਹੋ ਹੀ ਨਹੀਂ ਸਕਦੀਆਂ। ਅੱਜ ਅਖ਼ਬਾਰ ਵਿਚ ਇਹ ਲਿਖਿਆ ਆਉਂਦਾ ਹੈ ਕਿ ਅਮਰੀਕਾ ਦੇ ਫਲਾਣੇ ਸਾਇੰਸ-ਵੇਤਾ ਨੇ ਇਕ ਅਜਿਹੀ ਕਾਢ ਕੱਢੀ ਹੈ ਜਿਸ ਨਾਲ ਜਦੋਂ ਜੀ ਚਾਹੇ ਮੀਂਹ ਵਰ੍ਹਾ ਸਕੀਦਾ ਹੈ। ਇਸ ਖ਼ਬਰ ਨੂੰ ਅਸੀ ਤੁਰਤ ਮੰਨ ਲੈਂਦੇ ਹਾਂ। ਪਰ ਜੇ ਇਹੋ ਜਿਹੀ ਹੀ ਗੱਲ ਕਿਸੇ ਆਤਮਕ ਸ਼ਕਤੀ ਵਾਲੇ ਦੀ ਸੁਣਾਈ ਜਾਏ, ਤਾਂ ਉਸ ਤੇ ਸਿਰ ਫੇਰ ਦੇਂਦੇ ਹਾਂ ਕਿ ਇਹ ਨਹੀਂ ਹੋ ਸਕਦਾ। ਕਿਉਂ ? ਇਸ ਦਾ ਉੱਤਰ ਸਾਫ਼ ਹੈ। ਅਸੀ ਆਤਮਾ ਦੀਆਂ ਲੁਕਵੀਆਂ ਤਾਕਤਾਂ ਨੂੰ ਭਾਲਣਾ ਛੱਡ ਦਿੱਤਾ ਹੈ, ਅਸੀ ਨਿਰਾ ਤੱਤਾਂ ਦੇ ਪਿਛੇ ਦੌੜੇ ਜਾ ਰਹੇ ਹਾਂ, ਨਿਰਾ ਮਾਇਕ ਲਾਭ ਦੇ ਸਾਧਨ ਕਰ ਰਹੇ ਹਾਂ ਤੇ ਆਤਮਕ ਮੰਡਲ ਵਿਚ ਇਕ ਘੜੀ ਵੀ ਟਿਕਣ ਦਾ ਜਤਨ ਨਹੀਂ ਕਰਦੇ। ਜਿਵੇਂ ਅੱਜ ਤੋਂ ਇਕ ਸਦੀ ਪਹਿਲਾਂ ਦਾ ਮਨੁੱਖ ਅੱਜ ਦੀਆਂ ਕਾਢਾਂ ਤੇ ਸਿਰ ਫੇਰ ਸਕਦਾ ਸੀ, ਤਿਵੇਂ ਅਸੀ ਆਤਮਾ ਦੀ ਤਾਕਤ ਤੋਂ ਅਨਜਾਣ ਮਨੁੱਖ ਆਤਮਕ ਤਾਕਤਾਂ ਸੁਣ-ਵੇਖ ਕੇ ਮੰਨਣੋਂ ਸੰਕੋਚ ਕਰਦੇ ਹਾਂ।

ਅਜ ਕਲ੍ਹ ਦੀ ਵਿੱਦਿਆ ਦੇ ਪ੍ਰਭਾਵ ਦੇ ਅਧੀਨ ਹੋ ਕੇ ਅੱਵਲ ਤਾਂ ਅਸੀ ਜਦੋਂ ਕਦੇ ਪ੍ਰਭੂ ਦਾ ਜ਼ਿਕਰ ਸੁਣਦੇ ਹਾਂ ਤਾਂ ਇਕ ਬਣਾਉਟੀ ਜਿਹੀ ਗੱਲ ਸਮਝ ਕੇ ਆਈ-ਗਈ ਕਰ ਦੇਂਦੇ ਹਾਂ। ਜੇ ਭਲਾ ਕਿਤੇ ਰਤਾ ਮਾਸਾ ਰੁਚੀ ਇਹੋ ਜਿਹੇ ਬਚਨ ਸੁਣਨ ਦੀ ਹੈ ਭੀ, ਤਾਂ ਓਥੇ ਨਾਲ ਹੀ ਇਹ ਖ਼ਿਆਲ ਬਣਿਆ ਪਿਆ ਹੈ ਕਿ ਸਿਰਜਨਹਾਰ ਹੈ ਤਾਂ ਠੀਕ ਪਰਮ ਪੁਰਖ, ਉੱਚੇ ਤੋਂ ਉੱਚਾ, ਸਾਰੀ ਕੁਦਰਤ ਦਾ ਕਰਤਾ ਅਤੇ ਕੁਦਰਤ ਦੇ ਸਾਰੇ ਨਿਯਮਾਂ ਦਾ ਬੰਨ੍ਹਣ ਵਾਲਾ, ਪਰ ਉਹ ਇਕ ਵਾਰੀ ਨਿਯਮ ਬੰਨ੍ਹ ਚੁਕਿਆ ਹੈ। ਉਹਦੇ ਅਨੁਸਾਰ ਅਸੀ ਸੁਖ ਦੁਖ ਪਾ ਰਹੇ ਹਾਂ, ਸਾਡੀ ਕੋਈ ਪ੍ਰਾਰਥਨਾ ਜਾਂ ਅਰਜ਼ੋਈ ਉਸ ਨੂੰ ਪ੍ਰੇਰ ਨਹੀਂ ਸਕਦੀ। ਜੇ ਇਹ ਖ਼ਿਆਲ ਠੀਕ ਹੋਵੇ ਤਾਂ ਇਸ ਦਾ ਭਾਵ ਇਹ ਹੋਇਆ ਕਿ ਧੁੱਪ, ਚਾਨਣ, ਭਾਪ, ਬਿਜਲੀ ਆਦਿਕ ਤਾਕਤਾਂ ਵਾਂਗ ਪਰਮਾਤਮਾ ਭੀ ਇਕ ਤਾਕਤ ਹੀ ਹੈ, ਜਿਸ ਵਿਚ ਪਿਆਰ ਦਾ ਜਜ਼ਬਾ ਨਹੀਂ ਹੈ, ਜੋ ਜੀਆਂ ਦੇ ਦੁਖ-ਕਲੇਸ਼ ਦੂਰ ਕਰਨ ਲਈ ਕਿਸੇ ਤਰ੍ਹਾਂ ਦੇ ਤਰਲੇ ਨਾਲ ਭੀ ਪ੍ਰੇਰਿਆ ਨਹੀਂ ਜਾ ਸਕਦਾ।

ਪਰ ਜੋ ਵਡਭਾਗੀ ਜੀਉੜੇ ਪ੍ਰੀਤਮ ਸਿਰਜਨਹਾਰ ਦੇ ਚਰਨਾਂ ਵਿਚ ਨਿਤ ਜੁੜ ਬੈਠਦੇ ਹਨ, ਉਹਨਾਂ ਦੇ ਹਿਰਦੇ ਵਿਚ ਇਹੋ ਜਿਹੇ ਭਰਮ ਉਠਦੇ ਹੀ ਨਹੀਂ। ਭਗਤੀ ਭਾਵ ਵਾਲਾ ਸੁਭਾਉ ਬਣਾ ਲੈਣ ਨਾਲ, ਪ੍ਰਮਾਤਮਾ ਦੇ ਸਦਾ ਨੇੜੇ ਰਹਿਣ ਦਾ ਜਤਨ ਕਰਨ ਨਾਲ,ਸਾਨੂੰ ਇਹ ਪਰਤੱਖ ਦਿੱਸਣ ਲਗ ਪੈਂਦਾ ਹੈ ਕਿ ਸਾਡਾ ਕਰਤਾ ਸਾਡੀਆਂ ਅਰਜ਼ੋਈਆਂ ਨਾਲ ਪਸੀਜਦਾ ਹੈ ਤੇ ਸਾਨੂੰ ਪਿਆਰ ਕਰਦਾ ਹੈ। ਉਹ ਕੰਮ, ਜੋ ਪਹਿਲਾਂ ਸਾਨੂੰ ਅਲੌਕਿਕ ਜਾਪਦੇ ਸਨ, ਜਿਨ੍ਹਾਂ ਬਾਬਤ ਸੁਣ ਕੇ ਅਸੀ ਇਹ ਕਹਿ ਦਿਆ ਕਰਦੇ ਸਾਂ ਕਿ ਇਹ ਤਾਂ ਕੁਦਰਤ ਦੇ ਨਿਯਮਾਂ ਦੇ ਵਿਰੁੱਧ ਹਨ, ਇਹ ਕਰਾਮਾਤ ਹੋ ਨਹੀਂ ਸਕਦੇ, ਸਿਮਰਨ ਦੀ ਬਰਕਤ ਨਾਲ ਸਧਾਰਨ ਜਾਪਣ ਲਗ ਪੈਂਦੇ ਹਨ। ਤਦੋਂ ਸਾਨੂੰ ਇਹ ਸਮਝ ਪੈ ਜਾਂਦੀ ਹੈ ਕਿ ਮੂੜ੍ਹਾਂ ਨੂੰ ਚਤਰ ਬਣਾਉਣ ਵਾਲੇ ਸ਼ਹਿਨਸ਼ਾਹ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਲਈ ਇਕ ਅਨਪੜ੍ਹ ਗੰਵਾਰ ਨੂੰ ਕਿਰਪਾ-ਦ੍ਰਿਸ਼ਟੀ ਨਾਲ ਤੱਕ ਕੇ ਇੱਕ ਉੱਚਾ ਵਿੱਦਵਾਨ ਬਣਾ ਦੇਣਾ ਇਤਨਾ ਹੀ ਸਧਾਰਨ ਸੀ, ਜਿਤਨਾ ਇਕ ਸਿਆਣੇ ਪਾਂਧੇ ਲਈ ਇਕ ਬਾਲਕ ਨੂੰ ਸਹਿਜੇ



www.AKJ.Org

ਸਹਿਜੇ ਪੜ੍ਹਾ ਕੇ ਸਤਿਗੁਰੂ ਲਈ ਕੋੜ੍ਹ ਆਦਿਕ ਅਸਾਧ ਰੋਗਾਂ ਦਾ ਮਿਹਰ ਦੀ ਇੱਕ ਨਜ਼ਰ ਨਾਲ ਦੂਰ ਕਰ ਦੇਣਾ ਉਤਨਾ ਹੀ ਕੁਦਰਤੀ ਤੇ ਸਧਾਰਨ ਸੀ, ਜਿਤਨਾ ਇਕ ਸਿਆਣੇ ਡਾਕਟਰ ਤੇ ਹਕੀਮ ਲਈ ਦਵਾਈ ਆਦਿਕ ਦੇ ਕੇ। ਐਸ ਵੇਲੇ ਸਾਨੂੰ ਇਹ ਸਮਝ ਭਾਵੇਂ ਨਾ ਪੈਂਦੀ ਹੋਵੇ ਕਿ ਪ੍ਰੀਤਮ ਇਹਨਾਂ ਅਲੌਕਿ ਕੰਮਾਂ ਵਾਸਤੇ ਕਿਹੜੇ ਕਿਹੜੇ ਤਰੀਕੇ ਵਰਤ ਰਿਹਾ ਹੈ, ਪਰ ਜੇ ਸਾਨੂੰ ਸਮਝ ਆ ਜਾਵੇ, ਤਾਂ ਨਿਸਚੇ ਜਾਣੋ, ਅਸੀ ਇਹ ਪਰਤੱਖ ਵੇਖ ਲਈਏ ਕਿ ਦਾਤੇ ਦੇ ਵਰਤੇ ਹੋਏ ਉਹ ਤਰੀਕੇ ਉਸ ਤਰ੍ਹਾਂ ਹੀ ਕੁਦਰਤੀ ਹਨ, ਜਿਵੇਂ ਸਾਡੇ ਵਰਤੇ ਹੋਏ।

ਸੋ ਜਦੋਂ ਅਸੀ ਇਹ ਆਖਦੇ ਹਾਂ ਕਿ ਨਾਮ ਦੇ ਪਰਤਾਪ ਨਾਲ ਸਤਿਗੁਰੂ ਨੇ ਫਲਾਣਾ ਅਲੌਕਿਕ ਕੰਮ ਕੀਤਾ, ਇਸ ਦਾ ਭਾਵ ਇਹ ਨਹੀਂ ਹੈ ਕਿ ਪ੍ਰਭੂ ਨੇ ਕੁਦਰਤ ਦੇ ਨਿਯਮ ਆਪ ਹੀ ਰਚ ਕੇ ਆਪ ਹੀ ਕਰਾਮਾਤ ਵਿਖਾਲਣ ਲਈ ਕਿਸੇ ਨਿਯਮ ਦਾ ਉਲੰਘਣ ਕਰ ਦਿੱਤਾ ਹੈ। ਕੌਣ ਦਮ ਮਾਰ ਸਕਦਾ ਹੈ ਕਿ ਕੁਦਰਤ ਦੇ ਸਾਰੇ ਨਿਯਮ ਉਹ ਸਮਝ ਚੁੱਕਾ ਹੈ? ਪ੍ਰਭੂ ਦੀ ਤਾਕਤ ਦਾ ਅੰਦਾਜ਼ਾ ਲਉਣਾ ਮਨੁੱਖ ਦੀ ਸਮਰੱਥਾ ਤੋਂ ਪਰੇ ਹੈ। ਉਸ ਦੇ ਸਾਰੇ ਭੇਤ ਇਹ ਵਿਚਾਰਾ ਜੀਵ ਕੀ ਸਮਝ ਸਕਦਾ ਹੈ? ਉਸ ਦੇ ਕਈ ਕੰਮ ਸਾਨੂੰ ਭਾਵੇਂ ਕਰਾਮਾਤ ਜਾਪਣ, ਪਰ ਉਸ ਦੇ ਵਾਸਤੇ ਸਧਾਰਨ ਹਨ ਤੇ ਉਸ ਦੀ ਮਰਯਾਦਾ ਦੇ ਅਨੁਕੂਲ ਹਨ।

ਆਓ, ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਣ ਲਈ ਕੋਈ ਜੱਗ-ਬੀਤੀ ਵਾਰਤਾ ਅੱਖਾਂ ਅਗੇ ਲਿਆਵੀਏ—

ਮਿਸਮਰੇਜ਼ਮ ਨੂੰ ਸਿਖਣ ਵਾਲਾ ਮਨੁੱਖ ਸਾਲਾਂ ਬੱਧੀ ਮਿਹਨਤ ਕਰਦਾ ਹੈ। ਰੋਜ਼ ਨਿਯਤ ਸਮੇ ਤੇ ਏਕਾਂਤ ਵਿਚ ਬੈਠ ਕੇ ਆਪਣੇ ਮਨ ਨੂੰ ਕਈ ਸਾਧਨਾਂ ਨਾਲ ਇਕਾਗਰ ਕਰਨ ਦਾ ਜਤਨ ਕਰਦਾ ਹੈ, ਜਿਸ ਕਰਕੇ ਇਕ ਖ਼ਾਸ ਤਾਕਤ ਉਸ ਦੀਆਂ ਅੱਖਾਂ ਵਿਚ ਜਮ੍ਹਾ ਹੁੰਦੀ ਜਾਂਦੀ ਹੈ। ਜੇ ਅਸੀ ਮਿਸਮਰੇਜ਼ਮ ਦੀ ਤਾਕਤ ਨੂੰ ਕਰਾਮਾਤ ਨਹੀਂ ਆਖਦੇ ਤਾਂ ਪ੍ਰਭੂ ਦੇ ਨਿਕਟ-ਵਰਤੀ ਉੱਚੀ ਕਰਨੀ ਦੇ ਮਾਲਕ ਮਹਾਂ ਪੁਰਖਾਂ ਦੀ ਮਿਹਰ ਦੀ ਨਜ਼ਰ ਨਾਲ ਸਿੱਧ ਹੋਏ ਕਾਰਜਾਂ ਨੂੰ ਕਿਉਂ ਕਰਾਮਾਤ ਕਰਾਮਾਤ ਆਖ ਕੇ ਉਹਨਾਂ ਦੇ ਮੰਨਣ ਤੋਂ ਸਿਰ ਫੇਰਦੇ ਹਾਂ ਤੇ ਆਖ ਦੇਂਦੇ ਹਾਂ, ਐਸਾ ਹੋ ਨਹੀਂ ਸਕਦਾ? ਇਕ ਗੱਲ ਹੋਰ ਭੀ ਵਿਚਾਰਨ ਵਾਲੀ ਹੈ। ਮਨੁੱਖ ਦੀ ਅਕਲ ਨੇ ਹੁਣ ਤਾਈਂ ਮਿਸਮਰੇਜ਼ਮ ਹਮਜ਼ਾਦ ਆਦਿਕ ਕੁਝ ਇਲਮਾਂ ਦਾ ਭੇਤ ਪਾਇਆ ਹੈ। ਕੀ ਜਾਣੀਏ, ਅਜੇ ਕਿਹੜੇ ਕਿਹੜੇ ਇਹੋ ਜਿਹੇ ਹੋਰ ਇਲਮ ਲੁਕੇ ਪਏ ਹਨ? ਕੀ ਜਾਣੀਏ, ਸਾਡਾ ਸਿਰਜਨਹਾਰ ਤੇ ਉਸ ਦੇ ਨਿਕਟ-ਵਰਤੀ ਮਹਾਂ ਪੁਰਖ ਹੋਰ ਕਿਹੜੀਆਂ ਕਿਹੜੀਆਂ ਤਾਕਤਾਂ ਵਰਤਦੇ ਆਏ ਹਨ ਤੇ ਵਰਤ ਰਹੇ ਹਨ? ਸਾਡੇ ਵਾਸਤੇ ਉਹ ਕਰਾਮਾਤ ਹੋ ਸਕਦੇ ਹਨ, ਪਰ ਉਹਨਾਂ ਲਈ ਇਸੇ ਤਰ੍ਹਾਂ ਸਾਧਾਰਨ ਹਨ ਜਿਵੇਂ ਮਿਸਮਰੇਜ਼ਮ ਦੇ ਜਾਣਨ ਵਾਲੇ ਲਈ ਮਿਸਮਰੇਜ਼ਮ ਦਾ ਕੋਈ ਕ੍ਰਿਸ਼ਮਾ।

ਸੋ ਜਦੋਂ ਅਸੀ ਇਹ ਆਖਦੇ ਹਾਂ ਕਿ ਸਤਿਗੁਰੂ ਪ੍ਰੀਤਮ ਨੇ ਫਲਾਣੀ ਕਰਾਮਾਤ ਕਰ ਵਿਖਾਈ, ਅਸਲ ਵਿਚ ਅਸੀਂ ਦੂਜੇ ਅੱਖਰਾਂ ਵਿਚ ਇਹ ਆਖਦੇ ਹਾਂ ਕਿ ਸਾਡਾ ਪ੍ਰਭੂ ਦੀ ਹਸਤੀ ਤੇ ਨਿਸਚਾ ਹੈ। ਜਿਉਂ ਜਿਉਂ ਅਸੀ ਸਿਮਰਨ ਕਰਦੇ ਹਾਂ, ਉਸ ਦੇ ਚਰਨਾਂ ਵਿਚ ਜੁੜਦੇ ਹਾਂ, ਉਸ ਦੀ ਹਜ਼ੂਰੀ ਵਿਚ ਹਾਜ਼ਰ ਹੁੰਦੇ ਹਾਂ, ਤਿਉਂ ਤਿਉਂ ਉਸ ਦੀ ਵਧੀਕ ਵਡਿਆਈ ਸਾਨੂੰ ਦਿੱਸਦੀ ਹੈ ਤੇ ਇਹ ਕਰਾਮਾਤਾਂ ਸਾਨੂੰ ਉਸ ਵੱਡੇ ਤੋਂ ਵੱਡੇ ਮਾਲਕ ਲਈ ਬਿਲਕੁਲ ਸਧਾਰਨ ਜਾਪਦੀਆਂ ਹਨ। [‘ਸਰਬੱਤ ਦਾ ਭਲਾ’ ਵਿਚੋਂ

---

**ਪਾਠਕ ਸਜਣੋ!** ਬਾਰ ਬਾਰ ਬੇਨਤੀ ਹੈ ਕਿ ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਲਗਿਆਂ ਆਪਣਾ **ਚਿੱਟ ਨੰਬਰ ਜ਼ਰੂਰ ਲਿਖੋ**। ਹਰ ਮਹੀਨੇ ਤੁਹਾਡੇ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖਿਆ ਹੁੰਦਾ ਹੈ।

**ਪਰਚੇ ਗੁੰਮ—** ਹਰੇਕ ਪਾਠਕ ਦਾ ‘ਸੂਰਾ’ ਹਰ ਮਹੀਨੇ ਪਹਿਲੀ ਤਰੀਕ ਨੂੰ ਰਜਿਸਟਰ ਨਾਲ ਚੈਕ ਕਰਕੇ ਡਾਕੇ ਪਾਇਆ ਜਾਂਦਾ ਹੈ। ਕਈ ਪਰਚੇ ਰਾਹ ਵਿਚ ਗੁੰਮ ਕਰ ਲਏ ਜਾਂਦੇ ਹਨ। ਜਿਸ ਵੀਰ ਭੈਣ ਨੂੰ ਪਰਚਾ ਨਾ ਪਹੁੰਚੇ, ਉਸੇ ਮਹੀਨੇ ਦੇ ਅਧ ਵਿਚ ਸਾਨੂੰ ਕਾਰਡ ਪਾ ਦੇਵੇ, ਅਸੀਂ ਦੁਬਾਰਾ ਪਰਚਾ ਭੇਜ ਦਿੰਦੇ ਹਾਂ।

www.AKJ.Org

# ਅਬਦਾਲੀ, ਸਿੱਖ ਤੇ ਵਡਾ ਘਲੂਘਾਰਾ

## [ਕਿਸ਼ਤ ੩੦ਵੀਂ, ਲੜੀ ਜੋੜਨ ਲਈ ਵੇਖੋ 'ਸੂਰਾ' ਫ਼ਰਵਰੀ ੧੯੮੧]

[ਕੈਪਟਿਨ ਸਵਰਨ ਸਿੰਘ ਜੀ, ਘੜਿਆਲਾ]

ਫ਼ਰਵਰੀ ਦੇ ਪਰਚੇ ਵਿਚ ਲੇਖਕ ਨੇ ਕਾਜ਼ੀ ਨੂਰ ਮੁਹੰਮਦ ਦੇ ਜੰਗਨਾਮੇ ਵਿਚੋਂ 35 ਬੰਦ ਦਿਤੇ ਸਨ, ਜਿਨ੍ਹਾਂ ਵਿਚ ਸਿੰਘਾਂ ਨੂੰ ਗਾਲ੍ਹੀ-ਗਲੋਚ ਤੇ ਬੁਰਾ ਭਲਾ ਕਹਿਣ ਵਾਲਾ ਕਟੜ ਵੈਰੀ ਵੀ ਆਪਣੇ ਮੂੰਹੋਂ ਸਿੰਘਾਂ ਦੇ ਉੱਚੇ ਸੁੱਚੇ ਆਚਰਨ ਤੇ ਸੂਰਮਗਤੀ ਨੂੰ ਬਿਆਨ ਕੀਤੇ ਬਿਨਾਂ ਰਹਿ ਨਹੀਂ ਸਕਿਆ। ਇਸ ਕਿਸ਼ਤ ਵਿਚ ਬਾਕੀ ਦੇ ਬੰਦ ਦਿਤੇ ਜਾ ਰਹੇ ਹਨ। ਨਾਲ ਹੀ ਕੈਪਟਿਨ ਸਾਹਿਬ ਨੇ ਆਪਣੇ ਵਲੋਂ ਨੋਟ ਦੇ ਕੇ ਕਾਜ਼ੀ ਸਾਹਿਬ ਦੀਆਂ ਭੁਲਾਂ ਅਤੇ ਭੁਲੇਖੇ-ਪਾਊ ਟਪਲਿਆਂ ਦੀ ਸੱਚਾਈ ਤੇ ਅਸਲੀਅਤ ਨੂੰ ਉਘੇੜ ਕੇ ਰਖ ਦਿਤਾ ਹੈ।

ਕੈਪਟਿਨ ਸਵਰਨ ਸਿੰਘ ਜੀ ਸਿਹਤ ਦੀ ਖ਼ਰਾਬੀ ਕਰ ਕੇ ਦੋ ਮਹੀਨੇ ਪਾਠਕਾਂ ਦੇ ਸਾਹਮਣੇ ਨਹੀਂ ਆ ਸਕੇ। ਪਾਠਕ ਬੜੀ ਤਾਂਘ ਨਾਲ ਉਨ੍ਹਾਂ ਦੀ ਇਸ ਲੇਖ-ਲੜੀ ਦੀ ਉਡੀਕ ਕਰ ਰਹੇ ਸਨ। ਸੋ ੩੦ਵੀਂ ਕਿਸ਼ਤ ਹਾਜ਼ਰ ਹੈ।

ਗੁਰੂ ਮਹਾਰਾਜ ਕੈਪਟਿਨ ਸਾਹਿਬ ਨੂੰ ਸਿਹਤਯਾਬੀ ਬਖਸ਼ਦੇ ਰਹਿਣ, ਤਾਕਿ ਉਹ ਸਿਖ ਇਤਿਹਾਸ ਦੀ ਖੋਜ ਕਰ ਕੇ ਪਾਠਕਾਂ ਦੀ ਭੇਟ ਕਰਦੇ ਰਹਿਣ। ਸਿਖ ਇਤਿਹਾਸ ਨੂੰ ਖੋਜ-ਪੜਤਾਲ ਕੇ ਸਹੀ ਰੂਪ ਵਿਚ ਪੇਸ਼ ਕਰਨ ਦੀ ਬੜੀ ਲੋੜ ਹੈ। ਸਤਿਗੁਰੂ ਆਪਣੇ ਸੇਵਕ ਨੂੰ ਇਸ ਸੇਵਾ ਦਾ ਵਧ ਚੜ੍ਹ ਕੇ ਬਲ ਬਖਸ਼ਣ। ਦਾਸਰਾ-ਸੰਪਾਦਕ

34-35. ਕੀ ਤੂੰ ਨਹੀਂ ਵੇਖਿਆ ਸੀ ਕਿ ਲੜਾਈ ਵਿਚ ਆਪਣੇ ਖਾਨ (ਪੀਰ ਮੁਹੰਮਦ ਨਸੀਰ ਖਾਨ) ਦੇ ਅਗੋਂ ਮਕਰ ਕਰ ਕੇ ਨਸ ਉਠੇ ਸਨ ਅਤੇ ਫੇਰ ਪਿਛੇ ਮੁੜ ਕੇ ਉਸ ਉਤੇ ਆਣ ਪਏ ਤੇ ਉਸ ਨੂੰ ਘੇਰੇ ਵਿਚ ਲੈ ਲਿਆ ਸੀ?

36-37. ਤਦ ਉਹ ਨਾਮਵਰ ਸੂਰਮਾ ਆਪਣੇ ਘੋੜੇ ਤੋਂ ਉੱਤਰ ਪਿਆ ਤੇ ਪੈਦਲ ਹੋ ਗਿਆ ਅਤੇ ਤੀਰ ਤੇ ਗੋਲੀ ਚਲਾਉਣ ਲੱਗ ਪਿਆ ਤੇ ਇੰਜ ਇਹ ਜ਼ਮਾਨੇ ਦਾ ਦਲਾਵਰ ਸੂਰਮਾ ਉਨ੍ਹਾਂ ਦੇ ਘਤੇ ਘੇਰੇ ਚੋਂ ਆਪਣੀ ਬਹਾਦਰੀ ਨਾਲ ਬਾਹਰ ਨਿਕਲ ਆਇਆ।

38-39. ਐ ਸੂਰਬੀਰ, ਤੂੰ ਆਪ ਹੀ ਨਿਆਉਂ ਕਰ ਕਿ ਇਨ੍ਹਾਂ ਦੀ ਲੜਾਈ ਕੈਸੀ ਹੈ ਤੇ ਫੌਜ ਕਿਸ ਕਿਸਮ ਦੀ ਹੈ। ਇਨ੍ਹਾਂ ਦੀ ਇਕ ਫੌਜ ਮੁਲਤਾਨ ਉਤੇ ਚੜ੍ਹ ਆਈ ਤੇ ਸ਼ਹਿਰ ਵਿਚ ਵੜ ਕੇ ਉਸ ਨੂੰ ਲੁਟ ਪੁਟ ਲਿਆ।

40. ਇਹ ਸੱਗ ਓਥੋਂ ਬੇਓੜਕਾ ਮਾਲ-ਮਤਾਹ ਲੈ ਗਏ ਹਨ। ਮੇਰਾ ਦਿਲ ਨਹੀਂ ਮੰਨਦਾ ਕਿ ਉਹ ਗੱਲਾਂ ਦਸਾਂ ਜੋ ਇਨ੍ਹਾਂ ਸੱਗਾਂ ਨੇ ਉਥੇ ਕੀਤੀਆਂ ਹਨ।

41-42. ਈਸ਼ਵਰ ਨੇ ਜਦ ਤੋਂ ਇਹ ਸ੍ਰਿਸ਼ਟੀ ਰਚੀ ਹੈ, ਤਦ ਤੋਂ ਲੈ ਕੇ ਅੱਜ ਤੀਕ, ਕਿਸੇ ਨੂੰ ਯਾਦ ਨਹੀਂ ਕਿ, ਕਿਸੇ ਨੇ ਮੁਲਤਾਨ ਉਤੇ ਹੱਲਾ ਕਰ ਕੇ ਐਸੀ ਬਾਬ ਕੀਤੀ ਹੋਵੇ।

43. ਪਰ ਜਦ ਰੱਬ ਦੀ ਮਰਜ਼ੀ ਹੀ ਇਸ ਤਰ੍ਹਾਂ ਸੀ ਤਾਂ ਤੂੰ ਮੈਂ ਕੀ ਕਰ ਸਕਦੇ ਹਾਂ। ਸਾਡੇ ਲਈ ਉਸ ਦੀ ਰਜ਼ਾ ਵਿਚ ਹੀ ਖੁਸ਼ ਰਹਿਣਾ ਠੀਕ ਹੈ।

44. ਇਨ੍ਹਾਂ ਦੀ ਲੜਾਈ ਤੋਂ ਬਿਨਾਂ ਇਕ ਹੋਰ ਗੱਲ ਵੀ ਸੁਣ, ਜਿਸ ਵਿਚ ਇਹ ਹੋਰ ਸਭ ਸੂਰਮਿਆਂ ਨਾਲੋਂ ਬਹੁਤ ਅਗੇ ਵਧੇ ਹੋਏ ਹਨ।

45. ਇਹ ਨਮਰਦ ਨੂੰ (ਜੋ ਲੜਾਈ ਵਿਚ ਹਥਿਆਰ ਰਖ ਦੇਵੇ) ਕਦੇ ਵੀ ਨਹੀਂ ਮਾਰਦੇ ਅਤੇ ਨਾ ਹੀ ਲੜਾਈ ਚੋਂ ਭਜ ਨਿਕਲੇ ਨੂੰ ਹੀ ਘੇਰਦੇ ਹਨ।

46. ਲੁਟ ਸਮੇ ਨਾ ਹੀ ਇਹ ਕਿਸੇ ਜ਼ਨਾਨੀ ਦਾ ਰੁਪਇਆ ਜਾਂ ਗਹਿਣਾ ਹੀ ਲੁਟਦੇ ਹਨ, ਭਾਵੇਂ ਉਹ ਸਵਾਣੀ



www.AKJ.Org

ਹੋਵੇ ਭਾਵੇਂ ਉਹ ਗੋਲੀ-ਬਾਂਦੀ।

47. ਇਨ੍ਹਾਂ ਸਗਾਂ ਵਿਚ ਵਿਭਚਾਰ ਵੀ ਨਹੀਂ ਹੈ ਅਤੇ ਨਾ ਹੀ ਇਹ ਭੇੜੀਆਂ ਰਗਾਂ ਵਾਲੇ ਚੋਰੀ ਹੀ ਕਰਦੇ ਹਨ।
48. ਤ੍ਰੀਮਤ ਨੂੰ, ਭਾਵੇਂ ਜਵਾਨ ਹੈ ਭਾਵੇਂ ਬੁੱਢੀ, ਉਸ ਨੂੰ ਕਹਿੰਦੇ ਹਨ, ਬੁਢੀਏ ! ਇਕ ਪਾਸੇ ਹੱਟ ਜਾ।
49. ਹਿੰਦੁਸਤਾਨੀ ਬੋਲੀ ਵਿਚ ਬੁੱਢੀ ਲਫਜ਼ ਦੇ ਅਰਥ ਹਨ ਵੱਡੀ ਉਮਰ ਵਾਲੀ ਤ੍ਰੀਮਤ।
50. ਇਹ ਸੱਗ ਨਾ ਚੋਰੀ ਕਰਦੇ ਹਨ ਅਤੇ ਨਾ ਹੀ ਇਹ ਸੰਨ੍ਹ ਮਾਰਦੇ ਹਨ।
51. ਵਿਭਚਾਰੀ ਤੇ ਸੰਨ੍ਹ ਮਾਰਨ ਵਾਲੇ ਨਾਲ ਇਹ ਮੇਲ-ਮਿਲਾਪ ਨਹੀਂ ਰਖਦੇ, ਉਂਜ ਭਾਵੇਂ ਇਨ੍ਹਾਂ ਦੇ ਹੋਰ ਕੰਮ ਚੰਗੇ ਨਹੀਂ।
52. ਹੇ ਉਘੇ ਸੂਰਮੇ, ਜੇ ਇਨ੍ਹਾਂ ਦੇ ਧਰਮ ਸੰਬੰਧੀ ਤੈਨੂੰ ਕੋਈ ਜਾਣਕਾਰੀ ਨਹੀਂ ਤਾਂ ਮੈਂ ਤੈਨੂੰ ਦਸਦਾ ਹਾਂ।
53. ਕਿ ਇਹ ਸਿਖ ਆਪਣੇ ਗੁਰੂ ਦੇ ਚੇਲੇ (ਸਿਖ) ਹਨ। ਉਹ ਪਵਿੱਤਰ ਤੇ ਭਾਗ-ਸ਼ਾਲੀ ਮਹਾਂ ਪੁਰਸ਼ ਗੁਰੂ ਚੱਕ (ਗੁਰੂ ਚੱਕ ਤੋਂ ਭਾਵ ਸ੍ਰੀ ਅੰਮ੍ਰਿਤਸਰ ਸਾਹਿਬ) ਵਿਚ ਹੋਇਆ ਹੈ।
54. ਸਿਖਾਂ ਦਾ ਧਰਮ ਮਾਰਗ (ਸ੍ਰੀ ਗੁਰੂ) ਨਾਨਕ ਦੇਵ ਨੇ ਤੋਰਿਆ ਹੈ, ਸਿਖਾਂ ਦਾ ਪੰਥ ਨਿਰਾਲਾ ਹੀ ਹੈ।
55. ਉਸ ਤੋਂ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ) ਪਿਛੋਂ ਉਸ ਦਾ ਜਾ-ਨਸ਼ੀਨ (ਖ਼ਲੀਫ਼ਾ, ਪਿਛੋਂ ਆਉਣ ਵਾਲਾ, ਗੱਦੀ-ਨਸ਼ੀਨ, ਉਤਰਾਧਿਕਾਰੀ) ਗੁਰੂ ਗੋਬਿੰਦ ਸਿੰਘ ਹੋਇਆ ਹੈ, ਜਿਸ ਤੋਂ ਇਨ੍ਹਾਂ ਨੂੰ "ਸਿੰਘ" ਪਦਵੀ ਮਿਲੀ ਹੈ।
56. ਇਹ ਸੱਗ ਇਨ੍ਹਾਂ ਹਿੰਦੂਆਂ ਵਿਚੋਂ ਨਹੀਂ ਹਨ। ਇਨ੍ਹਾਂ ਭੇੜਿਆਂ ਦਾ ਰਾਹ (ਧਰਮ-ਮਾਰਗ) ਵਖਰਾ ਹੈ।
57. ਚੂੰਕਿ ਤੈਨੂੰ ਸਿਖਾਂ ਦੇ ਕਾਰ-ਵਿਹਾਰ ਦਾ ਪਤਾ ਲੱਗ ਗਿਆ ਹੈ, ਹੁਣ ਤੂੰ ਐ ਨਾਮਵਰ ਸੂਰਮੇ, ਉਨ੍ਹਾਂ ਦੇ ਇਲਾਕਿਆਂ ਬਾਬਤ ਵੀ ਸੁਣ ਲੈ।
58. ਇਨ੍ਹਾਂ ਨੇ ਪੰਜਾਬ ਨੂੰ ਵੰਡ ਲਿਆ ਹੈ ਅਤੇ ਹਰ ਬੁੱਢੇ ਅਤੇ ਗਭਰੂ (ਵੱਡੇ ਛੋਟੇ ਨੂੰ) ਨੂੰ ਦੇ ਛਡਿਆ ਹੈ।

[ਨੋਟ--

ਸ੍ਰੀ ਅੰਮ੍ਰਿਤਸਰ ਦੇ ਸ਼ਹਿਰ ਦਾ ਪਹਿਲਾ ਨਾਮ "ਗੁਰੂ ਦਾ ਚੱਕ" ਸੀ।

"ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਨੇ ੧੬੨੧ ਬਿਕਰਮੀ ਵਿਚ ਤੁੰਗ-ਗੁਮਟਾਲਾ-ਸੁਲਤਾਨਵਿੰਡ ਪਿੰਡਾਂ ਪਾਸ ਇਕ ਸਰੋਵਰ ਦੀ ਖੁਦਾਈ ਸ਼ੁਰੂ ਕੀਤੀ। ਇਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਮਤ ੧੬੪੫ ਬਿਕਰਮੀ ਵਿਚ ਪੂਰਾ ਕੀਤਾ ਅਤੇ ਨਾਉਂ ਸੰਤੋਖ-ਸਰ ਰਖਿਆ।

"ਫੇਰ ਸੰਮਤ ੧੬੩੧ ਵਿਚ ਤੀਜੇ ਸਤਿਗੁਰੂ ਜੀ ਦੀ ਆਗਿਆ ਨਾਲ ਇਕ ਪਿੰਡ ਬੰਨ੍ਹਿਆ, ਜਿਸ ਦਾ ਨਾਉਂ 'ਗੁਰੂ ਕਾ ਚੱਕ' ਥਾਪਿਆ ਅਤੇ ਆਪਣੇ ਰਹਿਣ ਲਈ ਮਕਾਨ ਬਣਵਾਏ, ਜੋ 'ਗੁਰੂ ਕੇ ਮਹਿਲ' ਨਾਉਂ ਤੋਂ ਪ੍ਰਸਿਧ ਹਨ ਅਤੇ ਉਸਦੇ ਚੜ੍ਹਦੇ ਪਾਸੇ ਦੁਖ-ਭੰਜਨੀ ਬੇਰੀ ਪਾਸ ਸੰਮਤ ੧੬੩੪ ਵਿਚ ਤਾਲ ਖੁਦਵਾਇਆ, ਜੋ ਉਸ ਸਮੇਂ ਅਧੂਰਾ ਹੀ ਰਿਹਾ।

"ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੱਦੀ ਤੇ ਬੈਠ ਕੇ ਪਿਤਾ ਗੁਰੂ ਜੀ ਦੇ ਗ੍ਰਾਮ ਅਤੇ ਤਾਲ ਦੀ ਸੇਵਾ ਵੱਡੇ ਪ੍ਰੇਮ ਨਾਲ ਅਰੰਭੀ। ਚਾਰੇ ਪਾਸਿਓਂ ਵਪਾਰੀ ਅਤੇ ਸਭ ਤਰ੍ਹਾਂ ਦੇ ਕਿਰਤੀ ਬੁਲਾ ਕੇ ਵਸਾਏ ਅਤੇ ਨਾਉਂ 'ਰਾਮਦਾਸਪੁਰ ਰਖਿਆ'। ਇਸ ਪਵਿਤਰ ਨਗਰ ਦੀ ਅਬਾਦੀ ਵਿਚ ਭਾਈ ਸਾਲ੍ਹੋ ਦੀ ਸੇਵਾ ਬਹੁਤ ਸ਼ਲਾਘਾ ਯੋਗ ਹੈ।

"ਸੰਮਤ ੧੬੪੩ ਵਿਚ ਸਰੋਵਰ ਨੂੰ ਪੱਕਾ ਕਰਨਾ ਅਰੰਭਿਆ ਅਤੇ ਨਾਉਂ ਅੰਮ੍ਰਿਤਸਰ ਰਖਿਆ, ਜਿਸ ਤੋਂ ਸਣੇ ਸਣੇ ਨਗਰ ਦਾ ਨਾਉਂ ਭੀ ਇਹੀ ਹੋ ਗਿਆ। ਇਕ ਮਾਘ ਸੰਮਤ ੧੬੪੫ ਬਿਕ੍ਰਮੀ ਨੂੰ ਪੰਜਵੇਂ ਗੁਰੂ



www.AKJ.Org

ਜੀ ਨੇ ਤਾਲ ਦੇ ਮੱਧ ਹਰਿਮੰਦਰ ਦੀ ਨੀਂਹ ਰਖੀ ਅਤੇ ਉਸ ਦੀ ਇਮਾਰਤ ਪੂਰੀ ਕਰਕੇ ਸੰਮਤ ੧੬੬੧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਸਥਾਪਤ ਕੀਤੇ।''–ਭਾਈ ਕਾਹਨ ਸਿੰਘ ਜੀ, ਮਹਾਨ ਕੋਸ਼, ਦੂਜੀ ਛਾਪ, ਪੰਨਾ ੫੭

(ਸਾਹਿਬ ਗੁਰੂ ਨਾਨਕ ਦੇਵ ਜੀ ਸਿਖ ਧਰਮ ਦੇ ਬਾਨੀ ਹਨ। ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਸਵੇਂ ਸਰੂਪ ਹਨ। ਕਲਗੀਧਰ ਸ਼ਹਿਨਸ਼ਾਹ ਨੇ ੭ ਕਤਤ ੧੭੬੫ ਬਿਕਰਮੀ ਨੂੰ ਗੁਰਤਾ-ਗਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਿਤੀ। ਇਸ ਤੋਂ ਪਿਛੋਂ ਸ਼ਖ਼ਸੀ ਗੁਰ-ਗੱਦੀ ਦਾ ਸਿਲ-ਸਿਲਾ ਖ਼ਤਮ ਹੋ ਗਿਆ)।

ਕਾਜ਼ੀ ਨੂਰ ਮੁਹੰਮਦ ਨੇ ਜੋ ਇਹ ੫੮ ਬੰਦਾਂ ਦਾ ਅਧਿਆਇ ਲਿਖ ਕੇ ਖਾਲਸਾ ਜੀ ਦੀ ਅਥਾਹ ਸ਼ਕਤੀ, ਸੂਰਮਗਤੀ ਤੇ ਉਚੇ ਸੁੱਚੇ ਆਚਰਨ ਦੀ ਇਤਿਹਾਸਕ ਗਵਾਹੀ ਭਰੀ ਹੈ, ਉਸ ਦਾ ਇਹ ਬਿਆਨ ਇਤਿਹਾਸ ਵਿਚ ਖਾਸ ਮਹੱਤਤਾ ਰਖਦਾ ਹੈ। ਸਵਾਦ ਤਾਂ ਉਸੇ ਗੱਲ ਦਾ ਹੈ ਜਿਸ ਨੂੰ ਕੱਟੜ ਤੋਂ ਕਟੜ ਦੁਸ਼ਮਣ ਵੀ ਮੰਨੇ। ਮੰਨੇ ਹੀ ਨਹੀਂ, ਆਪਣੇ ਵਿਰੋਧੀ ਦੇ ਬਲ ਅਤੇ ਗੁਣਾਂ ਨੂੰ ਅਖੀਂ ਤੱਕ ਕੇ ਅੱਸ਼ ਅੱਸ਼ ਕਰ ਉਠੇ। ਉਸ ਨੇ ਇਹ ਸਭ ਕੁਝ ਤੇ ਸਾਰੇ ਹਾਲ ਨਵੰਬਰ ਸੰਨ ੧੭੬੪ ਈਸਵੀ ਅਤੇ ਮਾਰਚ ੧੭੬੫ ਵਿਚ ਅਖੀਂ ਡਿਠੇ ਸਨ। ਜੰਗਨਾਮਾ ਉਸ ਨੇ ੧੧੭੮ ਹਿਜਰੀ ਵਿਚ ਹੀ ਲਿਖ ਲਿਆ ਸੀ। ਇਹ ਹਿਜਰੀ ਸੰਨ ੧੧੭੮, ੧੯ ਜੂਨ ੧੭੬੫ ਨੂੰ ਚੜ੍ਹਿਆ ਸੀ। ਪਾਠਕਾਂ ਨੂੰ ਯਾਦ ਰਹੇ ਕਿ ਖਾਲਸਾ ਜੀ ਨੇ ਇਸ ਵੇਲੇ ਲਾਹੌਰ ਉਤੇ ਵੀ ਪੱਕਾ ਕਬਜ਼ਾ ਕਰ ਲਿਆ ਸੀ, ਜੋ ੧੭ ਅਪ੍ਰੈਲ ੧੭੬੫ ਨੂੰ ਹੋ ਚੁਕਿਆ ਸੀ। ਭਾਵ, ਅਹਿਮਦਸ਼ਾਹ ਮਸਾਂ ਮਸਾਂ ਅਜੇ ਕੰਧਾਰ ਅਪੜਿਆ ਹੀ ਸੀ। ਅਜੇ ਉਸ ਲੱਕ ਵੀ ਸਿੱਧਾ ਨਹੀਂ ਸੀ ਕੀਤਾ ਕਿ ਸਿੰਘਾਂ ਹਥੋਂ ਲਾਹੌਰ ਤੇ ਸਾਰਾ ਪੰਜਾਬ ਮਾਰੇ ਜਾਣ ਦੀ ''ਸੁਨਾਉਣੀ'' ਕੰਧਾਰ ਪਹੁੰਚ ਗਈ ਸੀ।

**ਕਾਜ਼ੀ ਜੀ ਦਾ ਮਨੋਰਥ–**

ਇਸ ਤੋਂ ਕਾਜ਼ੀ ਜੀ ਦੇ ਦੋ ਮਨੋਰਥ ਜਾਪਦੇ ਹਨ। ਪਹਿਲਾਂ ਤਾਂ ਇਹ ਕਿ ਉਹ ਆਪਣੇ ਪਾਠਕਾਂ ਨੂੰ ਦਸਣਾ ਚਾਹੁੰਦਾ ਹੈ ਕਿ ਦੁਰਾਨੀ ਤੇ ਬਲੋਚੀ ਲਸ਼ਕਰ ਕਿਸ ਕਿਸਮ ਦੇ ਕਰੜੇ ਤੇ ਭਿਆਨਕ ਕਿਸਮ ਦੇ ਵੈਰੀ ਨਾਲ ਲੋਹਾ ਲੈ ਕੇ ਆਇਆ ਹੈ। ਇਹ ਅਸਲਾਮੀ ਲਸ਼ਕਰ ਦੀਨ ਦੀ ਲੜਾਈ ਕਰਨ ਲਈ ਤੇ ਖਾਲਸੇ ਨੂੰ ਮਲੀਆ-ਮੇਟ ਕਰਨ ਲਈ ਚੜ੍ਹ ਕੇ ਆਇਆ ਸੀ। ਜਿਸ ਮੁਲਕ ਵਿਚੋਂ ਤੁਰਿਆ ਸੀ, ਉਨ੍ਹਾਂ ਦੀਆਂ ਅਖਾਂ ਇਸ ਬਹਾਦਰ ਲਸ਼ਕਰ ਦੀ ਕਾਰਵਾਈ ਤੇ ਉਸ ਦਿਆਂ ਸਿੱਟਿਆਂ ਵੱਲ ਲਗੀਆਂ ਹੋਈਆਂ ਸਨ। ਅਹਿਮਦ ਸ਼ਾਹ ਤੇ ਨਸੀਰ ਖ਼ਾਨ ਚੜ੍ਹੇ ਤਾਂ ਇਹ ਤੜ੍ਹ ਮਾਰ ਕੇ ਸਨ ਕਿ ਇਨ੍ਹਾਂ ਸਿਖਾਂ ਦਾ ਸਦਾ ਲਈ ਸਤਿਆਨਾਸ ਕਰ ਦੇਣਾ ਹੈ ਤੇ ਇਨ੍ਹਾਂ ਦਾ ਬੁਢੀ-ਮੁੰਡਾ ਬੰਨ੍ਹ ਲਿਆਉਣਾ ਹੈ।

ਬਰ ਆਰੇਮ ਬੁਨਿਆਦ ਬੁਕਨੇਮ ਅਸੀਰ। ਜ਼ਨੋ ਬਚਾ ਸ਼ਾਂ ਰਾ ਕੁਨਮ ਦਸਤਗੀਰ।

[ਜੰਗਨਾਮਾ, ਸਫਾ ੪੧, ਬੰਦ ੧੦੧ਵਾਂ]

ਪਰ ਅਗੋਂ ਉਲਟੇ ਲੈਣੇ ਦੇ ਦੇਣੇ ਪੈ ਗਏ। ਖਾਲਸੇ ਦੀ ਤੇਗਿ ਆਬਦਾਰ ਨੇ ਦੁਰਾਨੀ ਤੇ ਬਲੋਚ ਲਸ਼ਕਰਾਂ ਉਤੇ ਚੌਦ੍ਹਾਂ ਤਬਕ ਰੋਸ਼ਨ ਕਰ ਦਿਤੇ। ਹਰ ਲੜਾਈ ਉਨ੍ਹਾਂ ਲਈ ਕਿਆਮਤ ਦਾ ਨਕਸ਼ਾ ਹੁੰਦੀ ਸੀ। ਅਹਿਮਦਸ਼ਾਹ ਨੇ ਬਚੇ-ਖੁਚੇ ਲਸ਼ਕਰ ਨੂੰ ਲੈ ਕੇ ਸਹੀ ਸਲਾਮਤ ਵਤਨ ਪਰਤ ਜਾਣ ਨੂੰ ਹੀ ਆਪਣੀ ਕਾਮਯਾਬੀ ਸਮਝਿਆ। ਵਤਨੀ ਭਰਾ, ਜੋ ਲਸ਼ਕਰ ਦੀ ਜਿਤ ਤੇ ਉਸ ਦੇ ਵੇਰਵੇ ਉਡੀਕ ਰਹੇ ਹਨ, ਉਨ੍ਹਾਂ ਨੂੰ ਕਿਵੇਂ ਦਸਿਆ ਜਾਵੇ ਕਿ ਇਹ ਮੁਹਿੰਮ ਬਿਲਕੁਲ ਨਾਕਾਮਯਾਬ ਹੋਈ ਹੈ, ਸਗੋਂ ਮਸਾਂ ਮਸਾਂ ਜਾਨ ਬਚਾ ਕੇ ਆਏ ਹਨ। ਕਾਜ਼ੀ ਜੀ ਇਸ ਦੀ ਬਜਾਏ ਇਹ ਦਸ ਕੇ ਢਾਰਸ ਬੰਨ੍ਹਾਉਂਦੇ ਹਨ ਕਿ ਜਿਸ ਦੁਸ਼ਮਣ ਨਾਲ ਵਾਹ ਪਿਆ ਸੀ, ਉਹ ਬੜਾ ਡਾਢਾ ਸੀ, ਬੜਾ ਹੀ ਤਕੜਾ ਸੀ। ਜੋ ਇਹ ਸਾਡੀ ਬਾਬ ਹੋਈ ਹੈ ਇਹ ਕਿਸੇ ਲਲੋ-ਫਤੋ ਜਾਂ ਲੂਲ੍ਹੇ


www.AKJ.Org

ਭਠਿਆਰੀ ਨੇ ਨਹੀਂ ਕੀਤੀ, ਇਹ ਸਿਖਾਂ ਹਥੋਂ ਹੋਈ ਹੈ, ਜੋ ਰਣ-ਭੂਮੀ ਵਿਚ ਕਿਸੇ ਦੇ ਸਿਰ ਤੇ ਨਹੀਂ ਰਹਿਣ ਦੇਂਦੇ। ਰਣਾਂ ਦੇ ਅਜਿੱਤ ਬਲਕਾਰੀ ਹਨ।

ਦੂਜਾ ਮਨੋਰਥ ਉਸ ਦਾ ਇਹ ਜਾਪਦਾ ਹੈ ਕਿ ਉਹ ਆਉਣ ਵਾਲੀਆਂ ਨਸਲਾਂ ਨੂੰ ਵੀ ਖ਼ਬਰਦਾਰ ਕਰਨਾ ਚਾਹੁੰਦਾ ਹੈ ਕਿ ਖਾਲਸਾ ਕੋਈ ਮਠਿਆਈ ਨਹੀਂ ਕਿ ਤੁਸੀਂ ਹਾਬੜ ਕੇ ਜਾ ਬੁਰਕ ਮਾਰੋਗੇ। ਇਹ ਫੌਲਾਦ ਦੇ ਚਣੇ ਹਨ, ਤੇ ਇਨ੍ਹਾਂ ਨੂੰ ਚਿਥਣ ਵਾਲੇ ਜਬਾੜਿਆਂ ਦੀ ਵੀ ਮੂਲੋਂ ਖ਼ੈਰ ਨਹੀਂ। ਪੰਜਾਬ ਵਿਚ ਹੁਣ ਪਹਿਲਾਂ ਵਾਲਾ ਦਾਲ ਫੁਲਕਾ ਨਹੀਂ ਕਿ ਜਾਂਦੇ ਹੀ ਬੁਰਕ ਵਾਹ ਕੇ ਕੁਖਾਂ ਕੱਢ ਮੁੜੋਗੇ। ਏਸ ਜੂਹ ਵਿਚ ਸੋਚ ਸਮਝ ਕੇ, ਐਨ ਹੁਸ਼ਿਆਰ ਹੋ ਕੇ ਪੈਰ ਧਰਿਉ। ਇਸ ਦੇ ਚੱਪੇ ਚੱਪੇ ਉਤੇ ਖ਼ਤਰਾ ਹੈ। ਇਹ ਪਿੜ ਕੋਈ ਗੀਦੀ ਪਾਜੀਆਂ ਦਾ ਨਹੀਂ, ਸ਼ਹਿ-ਸਵਾਰਾਂ ਦਾ ਹੈ। ਜਦ ਇਹ ਹੱਥੀਂ ਤੇਗਾਂ ਨੇਜ਼ੇ ਤੇ ਤੀਰ ਬੰਦੂਕਾਂ ਲੈ ਕੇ ਨਿੱਤਰ ਪਏ ਤਾਂ ਇਨ੍ਹਾਂ ਦੀ ਝਾਲ ਝਲਣੀ ਬਹੁਤ ਔਖੀ ਹੈ।

ਕਾਜ਼ੀ ਹੁਰਾਂ ਝੂਠ ਤੁਅਸੱਬ ਦਾ ਜੋ ਬੰਨ੍ਹ ਲਾ ਕੇ, 'ਸੱਚ' ਹੁਣ ਤਕ ਅਟਕਾ ਛਡਿਆ ਸੀ, ਹੁਣ ਭਰ ਉਛਲ ਕੇ ਉਹ ਬੰਨ੍ਹ ਰੁੜ੍ਹ ਗਿਆ ਹੈ ਤੇ ਸੱਚ ਦਾ ਦਰਿਆ ਵਗ ਤੁਰਿਆ ਹੈ। ਕਾਜ਼ੀ ਜੀ ਨੂੰ ਇਹ ਵੀ ਗਿਆਨ ਹੈ ਕਿ ਮੇਰੇ ਪੋਚੇ ਪਾਏ ਕੀ ਕਰਨਗੇ, ਜਦ ਦੋਵੇਂ ਲਸ਼ਕਰ ਆਪਣੇ ਟਿਕਾਣਿਆਂ ਤੇ ਪੁਜਣਗੇ ਤਾਂ ਇਕ ਇਕ ਸਿਪਾਹੀ ਹੋਈ ਬੀਤੀ ਦਸੂ। ਜਿਨ੍ਹਾਂ ਨਾਲ ਹੋਈ ਵਾਪਰੀ ਹੈ ਉਹ ਕਿੰਨਾ ਕੁ ਚਿਰ ਝੂਠ ਬੋਲਣਗੇ। ਸਾਧਾਰਨ ਸਿਪਾਹੀ ਦਾ ਦਿਲ ਬੜਾ ਸਾਫ ਹੁੰਦਾ ਹੈ, ਸੈਆਂ ਚੋਂ ਕੋਈ ਵਿਰਲਾ ਟਾਵਾਂ ਹੁੰਦਾ ਹੈ, ਜੋ ਲਪੇਟਵੀਂ ਗੱਲ ਕਰੇ। ਅਜ ਦੇ ਫੌਜੀ ਨੂੰ ਹੀ ਲੈ ਲਵੋ, ੧੯੬੨, ੧੯੬੫, ੧੯੭੧ ਦੀਆਂ ਲੜਾਈਆਂ ਵਿਚ ਲੜਨ ਵਾਲੇ ਦੋਹੀਂ ਪਾਸੀਂ ਸਹੀ ਤਸਵੀਰ ਦੇਂਦੇ ਹਨ। ਅਖ਼ਬਾਰਾਂ, ਜਾਂ ਕਿਸੇ ਮਨੋਰਥ ਨਾਲ ਲਿਖਣ ਵਾਲੇ ਲਿਖਾਰੀ ਬੇਸ਼ਕ ਵਧਾ ਚੜ੍ਹਾ ਕੇ ਲਿਖਣ, ਲੜਨ ਵਾਲੇ, ਜੋ ਐਨ ਵਿਚ ਹੋਣ, ਲਗ ਪਗ ਸਹੀ ਤਸਵੀਰ ਦੇਣਗੇ। ਬਲੋਚਾਂ ਤੇ ਦੁਰਾਨੀ ਲਸ਼ਕਰੀਆਂ ਦੇ ਸਾਮ੍ਹਣੇ ਕਾਜ਼ੀ ਜੀ ਦੀ ਕਿਤਾਬ ਰਾਹੀਂ ਪੇਸ਼ ਕੀਤੀ ਤਸਵੀਰ ਠਹਿਰ ਨਹੀਂ ਸਕੇਗੀ। ਉਹ ਸਹੀ ਦਸਦਾ ਹੈ ਜਦ ਉਹ ਕਹਿੰਦਾ ਹੈ ਕਿ ਇਨ੍ਹਾਂ ਸ਼ੇਰਾਂ ਨੂੰ ਕੁੱਤੇ ਕਹਿਣ ਗਲਤ ਹੈ। ਇਹ ਬੱਬਰ ਸ਼ੇਰ ਹਨ। ਉਹ ਹਦਾਇਤ ਕਰਦਾ ਹੈ ਕਿ ਜੇ ਤੇਗ ਚਲਾਉਣੀ ਸਿਖਣੀ ਹੈ ਤਾਂ ਇਨ੍ਹਾਂ ਸਾਮ੍ਹਣੇ ਹੋ, ਜੰਗ ਦਾ ਅਸਲੀ ਹੁਨਰ ਇਨ੍ਹਾਂ ਵਰਗਾ ਕੋਈ ਨਹੀਂ ਸਿਖਾ ਸਕਦਾ। ਇਨ੍ਹਾਂ ਦੇ ਜੰਗੀ ਹੁਨਰ ਨੂੰ ਤਕ ਕੇ, ਇਨ੍ਹਾਂ ਦੀ ਮਰਦਾਨਗੀ ਨੂੰ ਵੇਖ ਕੇ ਹਰ ਕੋਈ ਵਾਹ ਵਾਹ ਕਰ ਉਠਦਾ ਹੈ। ਜੰਗ ਵਿਚ ਸ਼ੇਰ ਹਨ, ਰੰਗ ਤਮਾਸ਼ੇ ਤੇ ਅਮਨ ਵਿਚ ਹਾਤਮ ਨਾਲੋਂ ਵੀ ਵੱਡੇ ਦਾਨੀ ਹਨ। ਜਦ ਹੱਥ ਵਿਚ ਤੇਗ ਫੜ ਲੈਂਦੇ ਹਨ ਤਾਂ ਸਿੰਧ ਤਕ ਸਾਰਾ ਮੁਲਕ ਦਲ ਮਲ ਸੁਟਦੇ ਹਨ। ਕੋਈ ਇਨ੍ਹਾਂ ਦੀ ਝਾਲ ਨਹੀਂ ਝਲ ਸਕਦਾ, ਉਂਜ ਭਾਵੇਂ ਕਈ ਸੂਰਮੇ ਬਣੇ ਫਿਰਦੇ ਹੋਣ। ਹੱਥ ਵਿਚ ਨੇਜ਼ਾ ਲੈ ਕੇ ਲਸ਼ਕਰਾਂ ਵਿਚ ਭਾਜੜਾਂ ਪਾ ਦੇਂਦੇ ਹਨ। ਕੋਹਕਾਫ ਪਹਾੜ ਵੀ ਸਾਮ੍ਹਣੇ ਹੋਵੇ ਤਾਂ ਉਸ ਨੂੰ ਵੀ ਭੋਰਾ ਭੋਰਾ ਕਰ ਦੇਣਗੇ। ਚਾਚ* ਸ਼ਹਿਰ ਦੀਆਂ ਕਮਾਨਾਂ ਵਿਚ ਤੀਰ ਧਰ ਕੇ ਜਦ ਕੰਨ ਤਾਈਂ ਖਿਚ ਕੇ ਦੁਸ਼ਮਣ ਵਲ ਸਿੰਨ੍ਹ ਲੈਂਦੇ ਹਨ ਤਾਂ ਵੈਰੀ ਥਰ ਥਰ ਕੰਬਣ ਲਗ ਪੈਂਦੇ ਹਨ। ਟਕੂਆ ਜਾਂ ਗੰਡਾਸਾ ਜਿਸ ਦੇ ਚਿਲਤੇ ਉਤੇ ਪੈ ਗਿਆ, ਸਮਝੋ ਫਿਰ ਚਿਲਤਾ (ਸੰਜੋਅ, ਜ਼ਰਾ ਬਕਤਰ) ਹੀ ਉਸ ਦਾ ਖਫਣ ਹੋਵੇਗਾ। ਕੀ ਬਚਣਾ ਉਸ ਲੇਖ-ਸੜੇ ਨੇ। ਹਰ ਇਕ ਸਿਖ ਜਿਸਮ ਕਰਕੇ ਪਹਾੜ ਦੀ ਚਟਾਨ ਵਰਗਾ ਹੈ। ਇਕ ਇਕ ਸਿਖ ਪੰਜਾਹ ਪੰਜਾਹ ਵੈਰੀਆਂ ਤੇ ਭਾਰੂ ਹੈ। ਜੰਗਲੀ ਗਧੇ ਮਾਰਨ ਵਾਲਾ ਤੇ ਸ਼ੇਰਾਂ ਦੀਆਂ ਚੀਕਾਂ ਕਢਾਉਣ ਵਾਲਾ ਬਹਿਰਾਮ ਗੋਰ ਵੀ ਇਨ੍ਹਾਂ ਸਾਮ੍ਹਣੇ ਨੀਵੀਆਂ ਪਾ ਜਾਊ। ਬੰਦੂਕਾਂ ਫੜ ਕੇ ਇਹ ਦਹਾੜਦੇ ਸ਼ੇਰਾਂ ਵਾਂਗ ਮੈਦਾਨ ਵਿਚ ਛਾਲਾਂ ਮਾਰਦੇ ਨਿਤਰਦੇ ਹਨ। ਅਨੇਕਾਂ ਸੂਰਮਿਆਂ ਦੀਆਂ ਛਾਤੀਆਂ ਪਾੜ ਪਾੜ ਕੇ ਖ਼ਾਕ ਖੂਨ ਵਿਚ ਮਿਲਾ ਦੇਂਦੇ ਹਨ। ਬੰਦੂਕ ਦੀ ਬਣਤਰ ਤੇ ਵਰਤੋਂ ਇਨ੍ਹਾਂ ਉਤੇ ਆ ਕੇ ਖ਼ਤਮ ਹੈ। ਲੁਕਮਾਨ ਹਕੀਮ ਨੇ ਬੰਦੂਕ ਦੀ ਕਾਢ ਨਹੀਂ

*ਚਾਚ ਤੂਰਾਨ ਵਿਚ ਹੈ, ਇਸੇ ਨੂੰ ਤਾਸ਼ਕੰਦ ਕਹਿੰਦੇ ਹਨ।



www.AKJ.Org

ਕਢੀ ਹੋਣੀ, ਇਹ ਇਨ੍ਹਾਂ ਹੀ ਬਣਾਈ ਹੋਣੀ ਹੈ। ਬੰਦੂਕ ਚਲਾਉਣ ਵਿਚ ਇਨ੍ਹਾਂ ਜਿੰਨੀ ਕਿਸ ਨੂੰ ਮਹਾਰਤ ਹੋ ਸਕਦੀ ਹੈ !ਚਾਰ-ਚੁਫੇਰੇ ਮੀਂਹ ਵਰ੍ਹਾ ਦੇਂਦੇ ਹਨ। ਜੇ ਮੇਰੇ ਤੇ ਯਕੀਨ ਨਹੀਂ ਤਾਂ ਉਨ੍ਹਾਂ ੩੦ ਹਜ਼ਾਰ ਸੂਰਮਿਆਂ ਨੂੰ ਪੁਛ, ਜੋ ਇਨ੍ਹਾਂ ਦੇ ਹੱਥ ਵੇਖ ਕੇ ਆਏ ਹਨ। ਲੜਾਈ ਵੇਲੇ ਜੇ ਇਨ੍ਹਾਂ ਦੇ ਦਲ ਵਿਚ ਤੈਨੂੰ ਭਾਂਜ ਨਜ਼ਰ ਆਵੇ ਤਾਂ ਵੇਖੀਂ, ਇਸ ਨੂੰ ਭਾਂਜ ਨਾ ਸਮਝੀਂ, ਇਹ ਲੜਾਈ ਦਾ ਇਨ੍ਹਾਂ ਦਾ ਇਕ ਢੰਗ ਹੀ ਵੇਖੀਂ, ਇਸ ਤੋਂ ਬਚੀਂ, ਦੁਬਾਰਾ ਬਚੀਂ, ਦੁਸ਼ਮਣ ਨੂੰ ਫ਼ਰੇਬ ਦੇ ਕੇ ਉਸ ਨੂੰ ਆਪਣੇ ਮਗਰ ਲਾ ਕੇ ਉਸ ਦੇ ਲਸ਼ਕਰ ਤੋਂ ਕੁਝ ਦੂਰ ਲੈ ਆਉਂਦੇ ਹਨ, ਤੇ ਫਿਰ ਜਦ ਇਕ-ਦਮ ਮੁੜ ਪੈਂਦੇ ਹਨ ਤਾਂ ਪਾਣੀਆਂ ਵਿਚ ਵੀ ਭਾਂਬੜ ਮਚਾ ਦੇਂਦੇ ਹਨ। ਏਸੇ ਤਰ੍ਹਾਂ ਨਸੀਰ ਖ਼ਾਂ ਵੀ ਇਸ ਚਾਲ ਵਿਚ ਫਸ ਗਿਆ ਤੇ ਰੱਬ ਦੀ ਮਿਹਰਬਾਨੀ ਨਾਲ ਹੀ ਜ਼ਿੰਦਾ ਬਚ ਕੇ ਆਇਆ ਸੀ। ਇਨ੍ਹਾਂ ਦੀ ਇਕ ਫੌਜ ਨੇ ਮੁਲਤਾਨ ਨਾਲ ਜੋ ਕੀਤੀ ਸੀ, ਵਿਥਿਆ ਉਸ ਦੀ ਦਸੀ ਨਹੀਂ ਜਾਂਦੀ। ਆਦਮ ਦੇ ਵੇਲੇ ਤੋਂ ਲੈ ਕੇ ਮੁਲਤਾਨ ਨਾਲ ਇਹੋ ਜਿਹੀ ਨਹੀਂ ਹੋਈ ਹੋਣੀ। ਹੋਰ ਸੁਣ ਇਨ੍ਹਾਂ ਦੀ ਲੜਾਈ ਦੀ ਇਕ ਗੱਲ ! ਹਥਿਆਰ ਸੁਟ ਦੇਣ ਵਾਲੇ ਨੂੰ ਕੁਝ ਨਹੀਂ ਕਹਿੰਦੇ, ਪਾਜੀ ਹੋ ਕੇ ਮੈਦਾਨੋਂ ਭਜਣ ਵਾਲੇ ਦੇ ਪਿਛੇ ਵੀ ਨਹੀਂ ਪੈਂਦੇ, ਨਾ ਘੇਰਦੇ ਹੀ ਹਨ। ਔਰਤ ਭਾਵੇਂ ਸਵਾਣੀ ਹੋਵੇ ਜਾਂ ਦਾਸੀ, ਉਸ ਨੂੰ ਬਿਲਕੁਲ ਨਹੀਂ ਲੁਟਦੇ। ਵਿਭਚਾਰ ਤੇ ਚੋਰੀ ਇਨ੍ਹਾਂ ਵਿਚ ਨਾਮ ਨੂੰ ਵੀ ਨਹੀਂ। ਛੋਟੀ ਵਡੀ ਹਰ ਉਮਰ ਦੀ ਔਰਤ ਨੂੰ ਬੁੜ੍ਹੀ ਹੀ ਆਖਦੇ ਹਨ। ਇਨ੍ਹਾਂ ਦੀ ਬੋਲੀ ਵਿਚ ਬੁੜ੍ਹੀ ਦਾ ਭਾਵ ਹੈ ਵਡੇਰੀ ਉਮਰ ਦੀ ਤ੍ਰੀਮਤ। ਚੋਰ ਸੰਨ੍ਹਾਂ ਮਾਰਨ ਵਾਲੇ ਤੇ ਵਿਭਚਾਰੀ ਨਾਲ ਕੋਈ ਸਾਂਝ ਨਹੀਂ ਰਖਦੇ। ਇਨ੍ਹਾਂ ਦੇ ਸਤਿਗੁਰੂ ਅੰਮ੍ਰਿਤਸਰ ਵਿਚ ਹੋਏ ਹਨ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਸਨ। ਉਨ੍ਹਾਂ ਹੀ ਇਹ ਪੰਥ, ਜੋ ਇਕ ਨਿਰਾਲਾ ਧਰਮ ਮਾਰਗ ਹੈ, ਚਲਾਇਆ ਸੀ। ਉਨ੍ਹਾਂ ਦੇ ਉਤਰਾਧਿਕਾਰ ਹੋਏ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਇਨ੍ਹਾਂ ਹੀ ਇਨ੍ਹਾਂ ਨੂੰ ਸਿੰਘ ਦੀ ਪਦਵੀ ਬਖਸ਼ੀ ਸੀ। ਇਹ ਹਿੰਦੂਆਂ ਵਿਚੋਂ ਨਹੀਂ ਹਨ, ਉਨ੍ਹਾਂ ਤੋਂ ਬਿਲਕੁਲ ਵਖਰੇ ਹਨ, ਆਦਿ।

(੫੮ ਬੰਦਾਂ ਦਾ ਇਹ ਖ਼ੁਲਾਸਾ ਸਿਰਫ਼ ਪਾਠਕਾਂ ਦੀ ਹੀ ਸਹੂਲਤ ਵਾਸਤੇ ਇਕ ਵਾਰ ਫਿਰ ਦਿਤਾ ਹੈ, ਤਾਕਿ ਸਾਰੀ ਤਸਵੀਰ ਇਕ ਵਾਰ ਹੀ ਅੱਖਾਂ ਦੇ ਸਾਮ੍ਹਣੇ ਆ ਜਾਵੇ। ਉਂਜ ਭਾਵੇਂ ਇਸ ਤੋਂ ਪਹਿਲੋਂ ਇਕ ਇਕ ਬੰਦ ਦਾ ਉਲਥਾ ਵੀ ਦਿਤਾ ਜਾ ਚੁਕਾ ਹੈ।)

ਇਨ੍ਹਾਂ ਸਤਰਾਂ ਜਾਂ ਬੰਦਾਂ ਰਾਹੀਂ ਕਾਜ਼ੀ ਜੀ ਨੇ ਅਖੀਂ ਡਿਠੇ ਹੱਡੀਂ ਵਾਪਰੇ ਹਾਲ ਲਿਖ ਕੇ ਖਾਲਸਾ ਜੀ ਦੀ ਅਜ਼ਮਤ ਨੂੰ ਵਰਨਣ ਕੀਤਾ ਹੈ। ਉਹ ਆਪਣੀਆਂ ਸਮਕਾਲੀ ਨਸਲਾਂ ਨੂੰ ਵੀ ਦਸਦੇ ਹਨ ਕਿ ਇਹ ਲਸ਼ਕਰ ਕਿਸ ਨਾਲ ਲੜ ਕੇ ਆਇਆ ਹੈ ਤੇ ਉਹ ਦੁਸ਼ਮਣ ਕਿਨ੍ਹਾਂ ਗੁਣਾਂ ਦਾ ਮਾਲਕ ਹੈ। ਤੇ ਕਾਜ਼ੀ ਜੀ ਆਉਣ ਵਾਲੀਆਂ ਨਸਲਾਂ ਨੂੰ ਵੀ ਖਾਲਸੇ ਦੀ ਸ਼ਕਤੀ ਬਾਰੇ ਚਿਤਾਵਨੀ ਦੇਂਦੇ ਹਨ ਕਿ ਮਤੇ ਵਿਸਰ-ਭੋਲੇ ਹੀ ਮੂੰਹ ਚੁਕ ਕੇ ਪੰਜਾਬ ਵਲ ਨੂੰ ਉਠ ਤੁਰਿਓ ! ਇੰਜ ਉਧਰ ਜਾਣਾ ਸਿਧੇ ਮੌਤ ਦੇ ਮੂੰਹ ਵਿਚ ਜਾਣਾ ਹੈ।

ਇਨ੍ਹਾਂ ਸਤਰਾਂ ਦਾ ਬੜਾ ਇਤਿਹਾਸਕ ਮੁੱਲ ਹੈ। ਇਹ ਸਤਰਾਂ ਖਾਲਸਾ ਜੀ ਦੀ ਅਥਾਹ ਤਾਕਤ ਅਤੇ ਸਦਾਚਾਰ ਦੀ ਮੂੰਹ-ਬੋਲਦੀ ਤਸਵੀਰ ਹਨ। ਮੈਦਾਨ ਵਿਚ ਨਿਤਰਦਿਆਂ ਸਿੰਘਾਂ ਦੇ ਅਕਾਸ਼-ਕੰਬਾਊ ਜੈਕਾਰੇ, ਹੱਥਾਂ ਵਿਚ ਫੜੇ ਸ਼ਸਤਰ-ਬਸਤਰ, ਚਟਾਨਾਂ ਵਰਗੇ ਜਿਸਮ, ਇਕ ਇਕ ਸਿੰਘ ੫੦-੫੦ ਬਲੋਚਾਂ ਤੇ ਦੁਰਾਨੀਆਂ ਉਤੇ ਭਾਰੂ, ਇਨ੍ਹਾਂ ਦੇ ਟਕੂਏ ਤੇ ਗੰਡਾਸੇ ਸੰਜੋਆਂ ਤੇ ਚਿਲਤਿਆਂ ਉਤੇ ਪੈਂਦੇ ਤੇ ਦੂਸਰ ਲੰਘ ਕੇ ਗਾਜ਼ੀਆਂ ਨੂੰ ਥਾਂ ਤੇ ਹੀ ਢੇਰੀ ਕਰਦੇ। ਨੇਜ਼ਿਆਂ ਨਾਲ ਜੋਸ਼ਨ ਤੇ ਜ਼ਰਾ-ਬਕਤਰ ਲੀਰੋ ਲੀਰ ਕਰ ਕੇ ਪਾੜੀਆਂ ਹਿਕਾਂ, ਲਹੂ ਮਿਝ ਦੀ ਘਾਣੀ ਉਸ ਵੇਖੀ ਹੈ। ਸਿੰਘਾਂ ਦੇ ਆਪਣੇ ਸਰੀਰਾਂ ਉਤੇ ਪੂਰੇ ਕਪੜੇ ਵੀ ਨਾ ਹੋਣੇ, ਦਸਤਾਰ, ਕਛਹਿਰਾ ਤੇ ਸਿਰਫ਼ ਭੂਰਾ ਹੀ। ਕਿਸੇ ਵਿਰਲੇ ਟਾਵੇਂ ਪਾਸ ਚੋਲਾ ਵੀ ਕਾਜ਼ੀ ਜੀ ਨੂੰ ਹੋਰ ਵੀ ਅਜੀਬ ਲੱਗਾ ਹੋਵੇਗਾ। ਪਾਸ ਹਥਿਆਰ ਵੀ ਪੂਰੇ ਨਹੀਂ, ਸੰਜੋਆਂ ਤੇ ਜ਼ਰਾ-ਬਕਤਰ ਤਾਂ ਇਕ ਪਾਸੇ ਰਹੇ ! ਟਾਕਰਾ ਦੁਰਾਨੀ ਪਾਤਸ਼ਾਹ ਦਾ ! ਸਿੰਘਾਂ ਪਾਸ ਹਰ ਚੀਜ਼ ਦੀ ਥੁੜ। ਪਾਸ ਹੈ ਤਾਂ ਸਿਰਫ਼ ਵਾਹਿਗੁਰੂ ਦਾ ਭਰੋਸਾ, ਕਲਗੀਧਰ ਦਾ ਪਿਆਰ ਅਤੇ ਦੇਸ਼ ਲਈ ਮਰ ਮਿਟਣ ਦਾ ਚਾਅ। ਬੜੇ ਜਾਬਰ ਤੇ ਤਾਕਤਵਰ ਪਾਤਸ਼ਾਹ ਦੇ ਛੱਕੇ ਛੁੜਾ ਦਿਤੇ ਹਨ। ਦੁਰਾਨੀ


www.AKJ.Org

ਤਾਕਤ ਦੇ ਪਸਾਰੇ ਨੂੰ ਕੂੜੇ ਵਾਂਗ ਹੂੰਝ ਕੇ ਪੰਜਾਬ ਤੇ ਹਿੰਦੁਸਤਾਨ ਨੂੰ ਸਾਫ ਕਰ ਦਿਤਾ ਹੈ। ਐਵੇਂ ਨਹੀਂ, ਕੋਈ ਗੱਲ ਹੈ ਜੁ ਕਾਜ਼ੀ ਨੂਰ ਮੁਹੰਮਦ ਖਾਲਸਾ ਜੀ ਦੀ ਬਹਾਦਰੀ ਅਤੇ ਕਿਰਦਾਰ ਉਤੇ ਅੱਸ਼ ਅੱਸ਼ ਕਰ ਉਠਿਆ ਹੈ। ਉਹ ਕਿਡਾ ਮਹਾਨ ਹੈ ਜਿਸ ਦੀ ਸੂਰਮਗਤੀ ਤੇ ਉਚੇ ਸੁੱਚੇ ਆਚਰਨ ਨੂੰ ਵਡਿਆਉਂਦਾ ਤੇ ਸਲਾਹੁੰਦਾ ਹੈ, ਉਸ ਦਾ ਕੱਟੜ ਤੋਂ ਕੱਟੜ ਦੁਸ਼ਮਣ ਵੀ।

ਖਾਲਸਾ ਜੀ, ਤੂੰ ਧੰਨ ਹੈਂ ! ਤੇ ਧੰਨ ਹੈ ਤੇਰਾ ਸਿਰਜਣਹਾਰ ! ਤੁਹਾਨੂੰ ਦੋਹਾਂ ਨੂੰ ਲਖ ਲਖ ਪਰਨਾਮ ਹੈ ! ਕਾਸ਼ ! ਹਿੰਦੁਸਤਾਨ ਨੂੰ ਖਾਲਸਾ ਜੀ ਦੀ ਅਜ਼ਮਤ ਤੇ ਸ਼ਕਤੀ ਦੀ ਸੂਝ ਹੁੰਦੀ ! —**ਸਵਰਨ ਸਿੰਘ**]

## *ਸਿਖਾਂ ਦੇ ਇਲਾਕੇ ਤੇ ਉਨ੍ਹਾਂ ਦੀਆਂ ਹੱਦਾਂ ਦੇ ਬਿਆਨ ਵਿਚ–*

ਸਫਾ 160–61

1. ਝੰਡਾ ਸਿੰਘ (ਭੰਗੀ) ਨੇ ਚੰਨਿਉਟ ਮਲੀ ਹੋਈ ਹੈ ਤੇ ਉਥੋਂ ਦਾ ਅਮੀਰ (ਵਾਲੀ ਜਾਂ ਮਾਲਕ) ਹੈ।
2. ਚਠਿਆਂ ਦਾ ਇਲਾਕਾ ਤੇ ਸਾਰਾ ਝੰਗ ਦਾ ਮੁਲਕ (ਦੇਸ) ਹਰੀ ਸਿੰਘ ਲੰਙੇ (ਭੰਗੀ) ਪਾਸ ਹੈ।
3. ਕਰਮ ਸਿੰਘ (ਭੰਗੀ) ਪਾਸ ਵੀਰਬਾਲ ਭਾਵ, ਬਹਿੜਵਾਲ ਹੈ ਅਤੇ ਜੈ ਸਿੰਘ ਕਨ੍ਹਈਏ ਪਾਸ ਨਾਰੋਵਾਲ ਹੈ।
4. ਕਲਾਨੌਰ ਦਾ ਇਲਾਕਾ ਜੱਸਾ ਸਿੰਘ ਕਲਾਲ (ਆਹਲੂਵਾਲੀਏ) ਪਾਸ ਹੈ ਅਤੇ ਦੁਆਬਾ (ਬਿਸਤ ਜਲੰਧਰ) ਵੀ ਏਸੇ ਪਾਸ ਹੈ।
5. ਬਿਸਤ ਜਲੰਧਰ ਜੱਸਾ ਸਿੰਘ ਤਰਖਾਣ ਪਾਸ ਹੈ ਤੇ ਇਹ ਦੋਵੇਂ ਜਣੇ (ਸ: ਜੱਸਾ ਸਿੰਘ ਆਹਲੂਵਾਲੀਆ ਅਤੇ ਸ: ਜੱਸਾ ਸਿੰਘ ਰਾਮਗੜ੍ਹੀਆ) ਆਪੋ ਵਿਚ ਯਾਰ ਦੋਸਤ ਹਨ।
6. ਵਟਾਲੇ ਦਾ ਸਾਰਾ ਇਲਾਕਾ ਇਹ ਦੋਵੇਂ ਰਲ ਮਿਲ ਕੇ ਖਾਂਦੇ ਹਨ ਤੇ ਇਨ੍ਹਾਂ ਦਾ ਧੌਂਸਾ ਤੇ ਨਿਸ਼ਾਨ ਇਕੱਠਾ ਹੀ ਹੈ।
7. ਗੁਜਰ ਸਿੰਘ (ਭੰਗੀ) ਅਤੇ ਲਹਿਣਾ ਸਿੰਘ (ਭੰਗੀ) ਵਣੀਏ ਕਿਆਂ ਨੂੰ ਖਾਂਦੇ ਹਨ ਅਤੇ ਆਪਣੀ ਸਾਰੀ ਆਮਦਨੀ ਉਥੋਂ ਲੈਂਦੇ ਹਨ।

8-9. ਔਘੜ ਸਿੰਘ ਤੇ ਸਾਂਵਲ ਸਿੰਘ ਦਾ ਇਲਾਕਾ ਸੱਯਦਾਂ ਦੀ ਪਿੰਡੀ ਨੂੰ ਜਾ ਲਗਦਾ ਹੈ। ਚਮਿਆਰੀ ਵੀ ਇਨ੍ਹਾਂ ਪਾਸ ਹੀ ਹੈ ਤੇ ਇਸ ਦੇ ਵੀ ਇਹੋ ਦੋਵੇਂ ਮਾਲਕ ਹਨ।

10-11-12. ਸੋਭਾ ਸਿੰਘ ਕਨ੍ਹਈਆ ਅਤੇ ਵਸਾਵਾ ਸਿੰਘ ਦੋਵੇਂ ਪੱਕੇ ਯਾਰ ਹਨ ਤੇ ਆਦੀਨਾ ਨਗਰ ਇਨ੍ਹਾਂ ਦੇ ਹਿਸੇ ਵਿਚ ਹੈ, ਅਤੇ ਇਨ੍ਹਾਂ ਦੋਹਾਂ ਦਾ ਇਲਾਕਾ ਦਰਿਆਉਂ ਪਾਰ ਐਮਨਾਬਾਦ ਤੀਕ ਫੈਲਿਆ ਹੋਇਆ ਹੈ।

13. ਚੜ੍ਹਤ ਸਿੰਘ ਪਾਸ ਰੁਹਤਾਸ ਹੈ ਅਤੇ ਰੁਹਤਾਸ ਦਾ ਇਹ ਸ਼ਹਿਰ ਏਸੇ ਦਾ ਵਸਾਇਆ ਹੋਇਆ ਹੈ।
14. ਨਥਾ ਸਿੰਘ ਦੀਪਾਲਪੁਰ ਲਈ ਬੈਠਾ ਹੈ ਅਤੇ ਇਸ ਦੇ ਨਾਲ ਜੱਸਾ ਸਿੰਘ (ਰਾਮਗੜ੍ਹੀਆ) ਦਾ ਭਰਾ ਕਰਮ ਸਿੰਘ ਹਿਸੇਦਾਰ ਹਨ।
15. ਇਨ੍ਹਾਂ ਤੋਂ ਬਿਨਾਂ ਹੋਰ ਵੀ ਵੱਡੇ ਵੱਡੇ ਨਾਮੀ ਸਿੰਘ ਹਨ, ਜਿਨ੍ਹਾਂ ਨੇ ਹੋਰ ਇਲਾਕੇ ਕਬਜ਼ੇ ਕੀਤੇ ਹੋਏ ਹਨ।

16-17-18. ਸਰਹੰਦ ਤੋਂ ਲੈ ਕੇ ਲਾਹੌਰ ਮੁਲਤਾਨ ਤਕ, ਬਲਕਿ ਡੇਰਿਆਂ ਤੀਕ (ਡੇਰਾ ਗਾਜ਼ੀ ਖਾਨ ਅਤੇ ਡੇਰਾ ਇਸਮਾਈਲ ਖਾਨ) ਤਕ ਇਨ੍ਹਾਂ ਦੇ ਹੀ ਕਬਜ਼ੇ ਵਿਚ ਹੈ। ਸਾਰਾ ਮੁਲਕ ਇਨ੍ਹਾਂ ਆਪੋ ਵਿਚ ਵੰਡਿਆ ਹੋਇਆ ਹੈ ਤੇ ਆਪ ਹੀ ਖਾਂਦੇ ਹਨ ਤੇ ਕਿਸੇ ਦਾ ਡਰ-ਭੈ ਨਹੀਂ ਮੰਨਦੇ।

19-20. ਮੁਸਲਮਾਨਾਂ ਲਈ, ਭਾਵੇਂ ਉਹ ਦੂਰ ਜਾਂ ਨੇੜੇ ਕਿਤੇ ਵੀ ਵਸਦੇ ਹੋਣ, ਵਾਜਬ ਹੈ ਕਿ ਉਹ ਸਾਰੇ ਹੀ ਇਕੱਠੇ ਹੋ ਕੇ ਇਨ੍ਹਾਂ ਉਤੇ ਆ ਪੈਣ ਤੇ ਇਨ੍ਹਾਂ ਦੀ ਜੜ੍ਹ-ਮੇਖ ਪੁਟ ਕੇ ਰਖ ਦੇਣ।



www.AKJ.Org

21-22. ਹੇ ਰੱਬਾ, ਮੇਰੇ ਪਾਤਸ਼ਾਹ ਨੂੰ ਜਿੱਤ ਬਖਸ਼ ਦੇਹ, ਜਿਹੜਾ ਨਬ਼ੀ ਰਸੂਲ ਦੀ ਖ਼ਾਤਰ ਤੇ ਲੋਕਾਂ ਵਾਸਤੇ ਕੋਸ਼ਿਸ਼ ਕਰ ਰਿਹਾ ਹੈ ਕਿ ਉਹ ਸਿਖਾਂ ਦੀ, ਦੁਨੀਆ ਚੋਂ ਜੜ੍ਹ ਪੁਟ ਦੇਵੇ ਤੇ ਉਨ੍ਹਾਂ ਦਾ ਨਾਮ ਸਫ਼ਾ-ਹਸਤੀ ਤੋਂ ਮਿਟਾ ਦੇਵੇ ।

—ਨੂਰ ਮੁਹੰਮਦ

[ਨੋਟ :--

ਇਲਾਕਿਆਂ ਤੇ ਮੱਲਾਂ ਸਬੰਧੀ ਜੋ ਇਹ ਵੇਰਵੇ ਕਾਜ਼ੀ ਨੂਰ ਮੁਹੰਮਦ ਨੇ ਦਿਤੇ ਹਨ, ਇਹ ਇੰਨ-ਬਿੰਨ ਦਰੁਸਤ ਨਹੀਂ ਹਨ। ਇਹ ਭੁਲਾਂ ਉਸ ਦੀਆਂ ਸੁਭਾਵਕ ਹਨ। ਜਾਂ ਤਾਂ ਉਸ ਨੂੰ ਪੂਰੀ ਪੂਰੀ ਵਾਕਫ਼ੀ ਨਹੀਂ ਮਿਲੀ ਜਾਂ ਸਫ਼ਰ ਵਿਚ ਲਏ ਹੋਏ ਨੋਟ ਉਸ ਨੇ ਘਰ ਜਾ ਕੇ ਘੋਖੇ ਪੜਤਾਲੇ ਨਹੀਂ। ਇਨ੍ਹਾਂ ਬਾਰੇ ਉਸ ਵਲੋਂ ਪੂਰੀ ਪੂਰੀ ਤਹਿਕੀਕ ਹੋਈ ਨਹੀਂ ਜਾਪਦੀ। ਉਹ ਟਪਲਾ ਖਾ ਗਿਆ ਹੈ ਤੇ ਲਿਖਦਾ ਹੈ ਕਿ ਸ: ਜੱਸਾ ਸਿੰਘ ਆਹਲੂਵਾਲੀਆ ਤੇ ਸ: ਜੱਸਾ ਸਿੰਘ ਰਾਮਗੜ੍ਹੀਆ ਮਿਲ ਕੇ ਮਲਾਂ ਮਾਰਦੇ ਸਨ ਤੇ ਰਲ ਮਿਲ ਕੇ ਵਟਾਲੇ ਦਾ ਇਲਾਕਾ ਖਾਂਦੇ ਸਨ। ਇਹ ਗੱਲ ਠੀਕ ਨਹੀਂ ਤੇ ਇਲਾਕਿਆਂ ਦੀ ਅਦਲਾ-ਬਦਲੀ ਵੀ ਠੀਕ ਨਹੀਂ, ਜੋ ਉਸ ਨੇ ਕਰ ਦਿਤੀ ਹੈ। ਕਲਾਨੌਰ ਸ: ਜੱਸਾ ਸਿੰਘ ਰਾਮਗੜ੍ਹੀਏ ਦੇ ਇਲਾਕੇ ਵਿਚ ਸੀ ਅਤੇ ਸ: ਜੱਸਾ ਸਿੰਘ ਆਹਲੂਵਾਲੀਏ ਪਾਸ ਬਿਸਤ ਜਲੰਧਰ ਸੀ। ਦੋਹਾਂ ਜੱਸਾ ਸਿੰਘਾਂ ਦਾ ਇਲਾਕਾ ਬਿਲਕੁਲ ਸਾਂਝਾ ਨਹੀਂ ਸੀ। ਰਾਮਗੜ੍ਹੀਆ ਤੇ ਸ: ਜੈ ਸਿੰਘ ਕਨ੍ਹਈਆ ਇਕੱਠੇ ਰਹਿੰਦੇ ਸਨ ਤੇ ਰਲ ਕੇ ਵਟਾਲੇ ਦਾ ਇਲਾਕਾ ਖਾਂਦੇ ਸਨ। ਇਨ੍ਹਾਂ ਦਾ (ਰਾਮਗੜ੍ਹੀਆ ਤੇ ਕਨ੍ਹਈਆ) ਦਾ ਨਿਸ਼ਾਨ ਤੇ ਧੌਂਸਾ ਸਾਂਝਾ ਸੀ। ਸਰਦਾਰ ਕਰਮ ਸਿੰਘ ਭੰਗੀ ਪਾਸ ਬਹੁਤ ਸਾਰਾ ਇਲਾਕਾ ਝੰਗ ਜ਼ਿਲੇ ਦਾ ਸੀ। (ਤਾਰੀਖ ਝੰਗ ਸਿਆਲ, ਲੇਖਕ ਨੂਰ ਮੁਹੰਮਦ ਚੇਲਾ—ਡਾ: ਗੰਡਾ ਸਿੰਘ ਜੀ ਦੇ ਹਵਾਲੇ ਠਾਲ—ਸ: ਜੱਸਾ ਸਿੰਘ ਆਹਲੂਵਾਲੀਆ, ਸਫ਼ਾ 167)

ਇਕ ਬੜੀ ਵੱਡੀ ਸੱਚਾਈ ਉਘੜ ਕੇ ਸਾਮ੍ਹਣੇ ਆਉਂਦੀ ਹੈ ਕਿ ਇਸ ਸਮੇਂ ਸੰਮਤ 1821 ਮੁਤਾਬਕ 1764 ਈ: ਤੋਂ ਪਹਿਲਾਂ ਖਾਲਸਾ ਜੀ ਮੁਲਤਾਨ ਨੂੰ ਜਿੱਤ ਕੇ ਲੁਟ ਚੁਕੇ ਸਨ। ਸਾਰੇ ਇਤਿਹਾਸਾਂ ਵਿਚ ਇਹੋ ਮੰਨਿਆ ਗਿਆ ਹੈ ਕਿ ਮੁਲਤਾਨ ਨੂੰ ਸਭ ਤੋਂ ਪਹਿਲਾਂ ਸ: ਝੰਡਾ ਸਿੰਘ ਭੰਗੀ ਨੇ ਸੰਮਤ 1827 (1770 ਈ:) ਵਿਚ ਸਰ ਕਰ ਕੇ ਕਬਜ਼ੇ ਕੀਤਾ ਸੀ। ਕਾਜ਼ੀ ਨੂਰ ਮੁਹੰਮਦ ਸਾਫ਼ ਬਿਆਨ ਕਰਦਾ ਹੈ ਕਿ ਸੰਮਤ 1721 (1764 ਈ:) ਤੋਂ ਪਹਿਲਾਂ ਵੀ ਖਾਲਸਾ ਜੀ ਮੁਲਤਾਨ ਸਰ ਕਰ ਕੇ ਡੇਰਿਆਂ ਤਕ ਜਾ ਅਪੜੇ ਸਨ। ਸ: ਕਰਮ ਸਿੰਘ ਜੀ ਹਿਸਟੋਰੀਅਨ ਦੀ ਰਾਏ ਹੈ ਕਿ ਸਰਹੰਦ ਮਾਰਨ ਪਿਛੋਂ ਸ: ਹਰੀ ਸਿੰਘ ਭੰਗੀ ਤਰੁਨਾ ਦਲ ਨੂੰ ਲੈ ਕੇ ਮੁਲਤਾਨ ਵਲ ਵਧਿਆ ਹੋਵੇਗਾ ਅਤੇ ਮੁਲਤਾਨ ਨੂੰ ਸਰ ਕਰ ਕੇ ਫਿਰ ਡੇਰਿਆਂ ਦਾ ਇਲਾਕਾ ਜਾ ਉਗਰਾਹਿਆ ਹੋਵੇਗਾ। ਪਰ ਮੁਲਤਾਤ ਉਤੇ ਕਬਜ਼ਾ ਨਹੀਂ ਕੀਤਾ ਹੋਵੇਗਾ। ਉਨ੍ਹਾਂ ਦੇ ਖ਼ਿਆਲ ਅਨੁਸਾਰ ਹੋ ਸਕਦਾ ਹੈ ਕਿ ਇਸ ਹੀ ਸਮੇਂ ਉਹ ਮੁਲਤਾਨ ਦੇ ਹਿੰਦੂ ਭੰਗੀਆਂ ਦੇ ਇਲਾਕੇ ਸ੍ਰੀ ਅੰਮ੍ਰਿਤਸਰ ਜੀ ਵਿਚ ਆ ਵਸੇ ਹੋਣ, ਜੋ ਮੁਲਤਾਨ ਦੀ ਮੁਸਲਮਾਨੀ ਹਕੂਮਤ ਤੋਂ ਨੱਕ ਜਿੰਦ ਆਏ ਹੋਏ ਸਨ।

—**ਸਵਰਨ ਸਿੰਘ**]

[ਚਲਦਾ]

---

## ਜਨਮ ਅਮੋਲਕ ਹੀਰਾ

ਹਿੰਸਾ, ਚੋਰੀ, ਸੀਨਾ-ਜ਼ੋਰੀ, ਕਰ ਕੇ ਜੀਵ ਦੁਖਾ ਨਾ, ਪਾਪ ਕਮਾ ਨਾ।
ਜੀਵਾਂ ਅੰਦਰ ਜਾਨੀ ਵੱਸਦਾ, ਬਣੇ ਖਿਡੌਣੇ ਢਾ ਨਾ, ਸੁਆਦ ਲਗਾ ਨਾ।
ਬਣ ਵਿਸ਼ਵਾਸ-ਘਾਤ ਜੱਗ ਅੰਦਰ, ਧੋਖਾ ਦਿਲੋਂ ਕਮਾ ਨਾ, ਕਾਲਖ ਲਾ ਨਾ।
ਸੂਫੀ ਜਨਮ ਅਮੋਲ ਹੀਰਾ, ਕੌਡੀ ਭਾ ਵਿਕਾ ਨਾ, ਨਰਕ ਸਮਾ ਨਾ।੩੩੭।

—ਸਾਧੂ ਸਿੰਘ ਸੂਫੀ ਲਿਖਤ 'ਸੂਫੀ ਡਿਉਢਾਂ'



www.AKJ.Org

# ਗੁਰ-ਇਤਿਹਾਸ ਤੇ ਸਿਖ ਇਤਿਹਾਸ

## ਮਹੱਤਵ-ਪੂਰਨ ਤਰੀਕਾਂ

–ਸ੍ਰੀ ਗੁਰੂ ਨਾਨਕ ਦੇਵ ਜੀ, ਪ੍ਰਕਾਸ਼ ਉਤਸ਼ਵ ਵੈਸਾਖ ਸੁਦੀ ੩ ਬਿ: ੧੫੨੬ । ਆਪ ਜੀ ਦਾ ਇਹ ਗੁਰਪੁਰਬ ਸਿਖ ਸੰਗਤਾਂ ਪਰੰਪਰਾ ਤੋਂ ਕਤਕ ਦੀ ਪੂਰੇਨਮਾਸ਼ੀ ਨੂੰ ਮਨਾਂਦੀਆਂ ਚਲੀਆਂ ਆਉਂਦੀਆਂ ਹਨ । ਜੋਤੀ ਜੋਤਿ ਅਸੂ ਵਦੀ ੧੦ ਬਿ: ੧੫੯੬ ।

–ਸ੍ਰੀ ਗੁਰੂ ਅੰਗਦ ਦੇਵ ਜੀ, ਜਨਮ ਵੈਸਾਖ ਸੁਦੀ ੧ ਬਿ: ੧੫੬੧, ਗੁਰਿਆਈ ਅਸੂ ਵਦੀ ੫ ਬਿ: ੧੫੯੬, ਜੋਤੀ ਜੋਤਿ ਚੇਤਰ ਸੁਦੀ ੪ ਬਿ: ੧੬੦੯ ।

–ਸ੍ਰੀ ਗੁਰੂ ਅਮਰ ਦਾਸ ਜੀ, ਜਨਮ ਵੈਸਾਖ ਸੁਦੀ ੧੪ ਬਿ: ੧੫੩੬, ਗੁਰਿਆਈ ਚੇਤਰ ਸੁਦੀ ੧ ਬਿ: ੧੬੦੯, ਜੋਤੀ ਜੋਤਿ ਭਾਦਰੋਂ ਸੁਦੀ ੧੫ ਬਿ: ੧੬੩੧ ।

–ਸ੍ਰੀ ਗੁਰੂ ਰਾਮਦਾਸ ਜੀ, ਜਨਮ ਕਤਕ ਵਦੀ ੨ ਬਿ: ੧੫੯੧, ਗੁਰਿਆਈ ਭਾਦਰੋਂ ਸੁਦੀ ੧੩ ਬਿ: ੧੬੩੧, ਜੋਤੀ ਜੋਤਿ ਭਾਦਰੋਂ ਸੁਦੀ ੩ ਬਿ: ੧੬੩੮ ।

–ਸ੍ਰੀ ਗੁਰੂ ਅਰਜਨ ਦੇਵ ਜੀ, ਜਨਮ ਵੈਸਾਖ ਵਦੀ ੭ ਬਿ: ੧੬੨੦, ਗੁਰਿਆਈ ਭਾਦਰੋਂ ਸੁਦੀ ੨ ਬਿ: ੧੬੩੮, ਜੋਤੀ ਜੋਤਿ ਜੇਠ ਸੁਦੀ ੪ ਬਿ: ੧੬੬੩ ।

–ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ, ਜਨਮ ਹਾੜ ਵਦੀ ੧ ਬਿ: ੧੬੫੨, ਗੁਰਿਆਈ ਜੇਠ ਵਦੀ ੮ ਬਿ: ੧੬੬੩, ਜੋਤੀ ਜੋਤਿ ਚੇਤਰ ਸੁਦੀ ੫ ਬਿ: ੧੭੦੧ ।

–ਸ੍ਰੀ ਗੁਰੂ ਹਰਿ ਰਾਇ ਸਾਹਿਬ, ਜਨਮ ਮਾਘ ਸੁਦੀ ੧੩ ਬਿ: ੧੬੮੭, ਗੁਰਿਆਈ ਚੇਤਰ ਵਦੀ ੧੩ ਬਿ: ੧੭੦੧, ਜੋਤੀ ਜੋਤਿ ਕਤਕ ਵਦੀ ੯ ਬਿ: ੧੭੧੮ ।

–ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ, ਜਨਮ ਸਾਵਣ ਵਦੀ ੯ ਬਿ: ੧੭੧੩, ਗੁਰਿਆਈ ਕਤਕ ਵਦੀ ੯ ਬਿ: ੧੭੧੮, ਜੋਤੀ ਜੋਤਿ ਚੇਤਰ ਸੁਦੀ ੧੪ ਬਿ: ੧੭੨੧ ।

–ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਜਨਮ ਵੈਸਾਖ ਵਦੀ ੫ ਬਿ: ੧੬੭੮, ਗੁਰਿਆਈ ਚੇਤਰ ਸੁਦੀ ੧੪ ਬਿ: ੧੭੨੧, ਜੋਤੀ ਜੋਤਿ ਮਘਰ ਸੁਦੀ ੫ ਬਿ: ੧੭੩੨ ।

–ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਨਮ ਪੋਹ ਸੁਦੀ ੭ ਬਿ: ੧੭੨੩, ਗੁਰਿਆਈ ਮਘਰ ਸੁਦੀ ੩ ਬਿ: ੧੭੩੨, ਜੋਤੀ ਜੋਤਿ ਕਤਕ ਸੁਦੀ ੫ ਬਿ: ੧੭੬੫ ।

–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ–ਪਹਿਲਾ ਪ੍ਰਕਾਸ਼ ਹਰਿਮੰਦਰ ਸਾਹਿਬ ਭਾਦਰੋਂ ਸੁਦੀ ੧ ਬਿ: ੧੬੬੧–ਗਦੀ ਨੰਦੇੜ, ਕਤਕ ਸੁਦੀ ੨ ਬਿ: ੧੭੬੫ ।

–ਖਾਲਸਾ ਸਾਜਿਆ–ਵੈਸਾਖੀ ੧੭੫੬ ਬਿ: (੧੬੯੯ ਈ:)

–ਬਾਬਾ ਬੁੱਢਾ ਜੀ–ਜਨਮ ੭ ਕਤਕ ੧੫੬੩, ਅਕਾਲ ਚਲਾਣਾ ੧੪ ਮੱਘਰ ਬਿ: ੧੬੮੮

–ਭਾਈ ਗੁਰਦਾਸ ਜੀ–ਅਕਾਲ ਚਲਾਣਾ ਭਾਦਰੋਂ ਸੁਦੀ ੮ ਬਿ: ੧੬੯੪

–ਬਾਬਾ ਸਿਰੀ ਚੰਦ ਜੀ—ਜਨਮ ਭਾਦਰੋਂ ਸੁ: ੯ ਬਿ: ੧੫੫੧, ਅਕਾਲ ਚਲਾਣਾ ੧੫ ਅਸੂ ਬਿ: ੧੬੬੯

–ਬਾਬਾ ਅਜੀਤ ਸਿੰਘ ਜੀ—ਜਨਮ ੨੩ ਮਾਘ ਬਿ: ੧੭੪੩, ਸ਼ਹੀਦੀ ੮ ਪੋਹ ੧੭੬੧ ਬਿ: (੨੨ ਦਸੰਬਰ ੧੭੦੪)

–ਬਾਬਾ ਜੁਝਾਰ ਸਿੰਘ ਜੀ—ਜਨਮ ਬਿ: ੧੭੪੭, ਸ਼ਹੀਦੀ ੮ ਪੋਹ ੧੭੬੧ (੨੨ ਦਸੰਬਰ ੧੭੦੪)



www.AKJ.Org

–ਬਾਬਾ ਜੋਰਾਵਰ ਸਿੰਘ ਜੀ–ਜਨਮ ਮੱਘਰ ਸੁਦੀ ੩, ਬਿ: ੧੭੫੩, ਸ਼ਹੀਦੀ ੧੩ ਪੋਹ ੧੭੬੧ (੨੭ ਦਸੰਬਰ ੧੭੦੪)
–ਬਾਬਾ ਫ਼ਤਹ ਸਿੰਘ ਜੀ—ਜਨਮ ਫਗਣ ਸੁਦੀ ੭, ਬਿ: ੧੭੫੫, ਸ਼ਹੀਦੀ ੧੩ ਪੋਹ ੧੭੬੧ (੨੭ ਦਸੰਬਰ ੧੭੦੪)
–ਭਾਈ ਦਇਆ ਸਿੰਘ ਜੀ–ਜਨਮ ਭਾਦਰੋਂ ਸੁਦੀ ੧੧, ਬਿ: ੧੭੧੮, ਅਕਾਲ ਚਲਾਣਾ ੧੭੬੭ ਬਿ:
–ਭਾਈ ਧਰਮ ਸਿੰਘ ਜੀ–ਜਨਮ ੭ ਕਤਤ ੧੭੨੪, ਅਕਾਲ ਚਲਾਣਾ ੮ ਪੋਹ ੧੭੬੧
–ਭਾਈ ਹਿੰਮਤ ਸਿੰਘ ਜੀ–ਜਨਮ ੫ ਮਾਘ ੧੭੧੮, ,, ,, ,, ,,
–ਭਾਈ ਮੋਹਕਮ ਸਿੰਘ ਜੀ–ਜਨਮ ੨੨ ਜੇਠ ੧੭੩੩, ,, ,, ,, ,,
–ਭਾਈ ਸਾਹਿਬ ਸਿੰਘ ਜੀ–ਜਨਮ ੪ ਹਾੜ ੧੭੨੨, ,, ,, ,, ,,
–ਚਾਲੀ ਮੁਕਤੇ ਮੁਕਤਸਰ ਵਿਖੇ ਸ਼ਹੀਦ ੧੭੬੨ ਬਿ:
–ਬੰਦਾ ਸਿੰਘ ਬਹਾਦਰ–ਜਨਮ ਕਤਕ ਸੁਦੀ ੧੩, ੧੭੨੭ (੧੬੭੦ ਈ:), ਦਸਮੇਸ਼ ਜੀ ਨਾਲ ਮੇਲ ਸਤੰਬਰ ੧੭੦੮ ਈ:, ਸਮਾਣੇ ਦੀ ਫ਼ਤਹ ੧੧ ਨਵੰਬਰ ੧੭੦੯ ਈ:, ਸਢੋਰੇ ਦੀ ਫ਼ਤਹ ੧੭੧੦ ਈ:, ਸਰਹੰਦ ਦੀ ਫ਼ਤਹ ੧੪ ਮਈ ੧੭੧੦ (੧ ਜੇਠ ੧੭੬੭ ਬਿ:), ਬੰਦਾ ਸਿੰਘ ਦੇ ੬੯੪ ਸਾਥੀ (੧੦੦
–ਸਿੰਘ ਰੋਜ਼) ਕਤਲ ੫ ਤੋਂ ੧੧ ਮਾਰਚ ੧੭੧੬ ਈ:
–ਬੰਦਾ ਸਿੰਘ ਬਹਾਦਰ ਤੇ ਭਾਈ ਬਾਜ ਸਿੰਘ ਦੀਆਂ ਸ਼ਹੀਦੀਆਂ ੯ ਜੂਨ ੧੭੧੬
–ਭਾਈ ਤਾਰਾ ਸਿੰਘ ਜੀ ਡਲਵਾਂ ਸ਼ਹੀਦ ਵੈਸਾਖ ੧੭੮੩ (੧੭੨੫ ਈ:)
–ਭਾਈ ਮਨੀ ਸਿੰਘ ਜੀ ਸ਼ਹੀਦੀ ਮਘਰ ਸੁਦੀ ੫, ੧੭੯੪ (੧੭੧੩ ਈ:)
–ਭਾਈ ਬੋਤ ਸਿੰਘ ਜੀ ਸ਼ਹੀਦੀ ਬਿ: ੧੭੯੬
–ਭਾਈ ਹਕੀਕਤ ਰਾਇ ਸ਼ਹੀਦੀ ਮਾਘ ਸੁਦੀ ੫, ੧੭੯੮ (੧੭੪੧ ਈ:)
–ਭਾਈ ਤਾਰੂ ਸਿੰਘ ਜੀ ਸ਼ਹੀਦੀ ੨੩ ਅੱਸੂ ੧੮੦੨ (੧੭੪੫ ਈ:)
–ਭਾਈ ਸੁਬੇਗ ਸਿੰਘ ਸ਼ਾਹਬਾਜ਼ ਸਿੰਘ ਜੀ ਦੀ ਸ਼ਹੀਦੀ ੧੮੦੨ ਬਿ:
–ਖਾਲਸਾ ਦਲ ਦੀ ਕਾਇਮੀ ਸੌ ਸੌ ਸਿੰਘਾਂ ਦੇ ੨੫ ਜੱਥੇ, ਅੰਮ੍ਰਿਤਸਰ ਦੀਵਾਲੀ ਬਿ: ੧੮੦੨
–ਛੋਟਾ ਘਲੂਘਾਰਾ ਕਾਹਨੂੰਵਾਨ ੨ ਜੇਠ ੧੮੦੩ (੧ ਮਈ ੧੭੪੬)
–੧੧ ਮਿਸਲਾਂ ਦੀ ਬੁਨਿਆਦ ਵੈਸਾਖੀ ੧੮੦੫
–ਵੱਡਾ ਘਲੂਘਾਰਾ ਕੁੱਪ-ਰਹੀੜਾ ੨੭ ਮਾਘ ੧੮੧੮ (੫ ਫ਼ਰਵਰੀ ੧੭੬੨)
–ਸਿੰਘਾਂ ਹੱਥੋਂ ਅਬਦਾਲੀ ਨੂੰ ਹਾਰ ੧੭ ਅਕਤੂਬਰ ੧੭੬੨ ਈ:
–ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ, ਦੀਵਾਲੀ ੩੦ ਕਤਕ ੧੮੧੪ (੧੭੫੭ ਈ:)
–ਅੰਮ੍ਰਿਤ-ਸਰੋਵਰ ਦੀ ਬੇਅਦਬੀ ਤੇ ਅਬਦਾਲੀ ਵਲੋਂ ਸ੍ਰੀ ਹਰਿਮੰਦਰ ਸਾਹਿਬ ਢਾਹੁਣਾ ਬਿ: ੧੮੧੮
–ਭੰਗੀ ਸਰਦਾਰਾਂ ਦਾ ਲਾਹੌਰ ਤੇ ਕਬਜ਼ਾ ਫ਼ਰਵਰੀ ੧੭੬੪ ਈ:
–ਬਾਬਾ ਗੁਰਬਖਸ਼ ਸਿੰਘ ਜੀ ਸ਼ਹੀਦੀ ਬਿ: ੧੮੨੨
–ਦਿੱਲੀ ਉਤੇ ਕਬਜ਼ਾ ਤੇ ਗੁਰਦੁਆਰਿਆਂ ਦੀ ਸੇਵਾ ੧੭੮੩ ਈ:
–ਬਾਬਾ ਆਲਾ ਸਿੰਘ ਜੀ ਜਨਮ ੧੭੪੮ ਬਿ:, ਚਲਾਣਾ ੨੭ ਸਾਵਣ ੧੮੨੨ (੧੭੬੫ ਈ:)
–ਹਰਿਮੰਦਰ ਸਾਹਿਬ ਦੀ ਮੁੜ ਉਸਾਰੀ ਤੇ ਅੰਮ੍ਰਿਤ-ਸਰੋਵਰ ਦੀ ਸੇਵਾ ਬਿ: ੧੮੩੨-੩੫
–ਨਵਾਬ ਕਪੂਰ ਸਿੰਘ ਦਾ ਚਲਾਣਾ ਬਿ: ੧੮੧੧
–ਸ: ਜੱਸਾ ਸਿੰਘ ਆਹਲੂਵਾਲੀਆ ਜਨਮ ੧੭੧੮ ਈ: ਚਲਾਣਾ ੧੭੮੩ ਈ: (੧੮੪੦ ਬਿ:)


www.AKJ.Org

–ਸ: ਬਘੇਲ ਸਿੰਘ ਚਲਾਣਾ ੧੮੫੯ ਬਿ:

–ਸ: ਜੱਸਾ ਸਿੰਘ ਰਾਮਗੜ੍ਹੀਆ ਜਨਮ ੧੭੨੩ ਈ:, ਚਲਾਣਾ ੧੮੦੩ ਈ: (੧੮੬੦ ਬਿ:)

–ਸ਼ਾਹ ਜ਼ਮਾਨ ਨਾਲ ਰਣਜੀਤ ਸਿੰਘ ਤੇ ਹੋਰ ਮਿਸਲਾਂ ਦੀ ਭਾਰੀ ਲੜਾਈ ਪੋਹ ੧੮੫੩ ਬਿ:

–ਮਹਾਰਾਜ ਰਣਜੀਤ ਸਿੰਘ : ਜਨਮ ੧੩ ਨਵੰਬਰ ੧੭੮੦ (੧੮੩੭ ਬਿ:) ਲਾਹੌਰ ਤੇ ਕਬਜ਼ਾ ੧੭੯੯ ਈ:, ਮਹਾਰਾਜੇ ਦੀ ਪਦਵੀ ਤੇ ਸਿੱਕਾ ਜਾਰੀ ਕਰਨਾ ਵੈਸਾਖੀ ੧੮੫੮ ਬਿ:, ਕਸੂਰ ਤੇ ਕਬਜ਼ਾ ੧੮੬੪ ਬਿ:, ਅੰਗਰੇਜ਼ਾਂ ਨਾਲ ਮਿਤਰਾਨਾ-ਸੰਧੀ ੨੫ ਅਪਰੈਲ ੧੮੦੯, ਮੁਲਤਾਨ ਦੀ ਫ਼ਤਹ ਜੇਠ ਸੁਦੀ ੧੧, ਬਿ: ੧੮੭੫ (੧੮੧੮ ਈ:), ਪਿਸ਼ਾਵਰ ਦੀ ਫ਼ਤਹ ੧੭ ਮਾਰਚ ੧੮੨੭ ਈ:, ਚਲਾਣਾ ੨੮ ਜੂਨ ੧੮੩੯ ਈ:

–ਅਕਾਲੀ ਫੂਲਾ ਸਿੰਘ ਜਨਮ ੧੮੧੮ ਬਿ:, ਸ਼ਹੀਦੀ ੧੪ ਮਾਰਚ ੧੮੨੪ (੧੮੮੦ ਬਿ:)

–ਸ: ਹਰੀ ਸਿੰਘ ਨਲੂਆ : ਜਨਮ ੧੮੪੮ ਬਿ:, ਸ਼ਹੀਦੀ ੧ ਮਈ ੧੮੩੭ (੧੯ ਵੈਸਾਖ ੧੮੯੪ ਬਿ:)

–ਮਹਾਰਾਜ ਖੜਗ ਸਿੰਘ : ਜਨਮ ੧੨ ਫਗਣ ੧੮੫੭ ਬਿ:, ਚਲਾਣਾ ੫ ਨਵੰਬਰ ੧੮੪੦ ਈ: (੧੮੯੭ ਬਿ:)

–ਕੰਵਰ ਨੌਨਿਹਾਲ ਸਿੰਘ : ਜਨਮ ੧੧ ਫ਼ਰਵਰੀ ੧੯੨੦ ਈ:, ਕਤਲ ੫ ਨਵੰਬਰ ੧੯੪੦

–ਮਹਾਰਾਜਾ ਸ਼ੇਰ ਸਿੰਘ : ਜਨਮ ੧੮੦੭ ਈ:, ਤਖ਼ਤ ੧੮ ਜਨਵਰੀ ੧੮੪੧, ਕਤਲ ੧੫ ਅਗਸਤ ੧੮੪੩ ਈ:

–ਲਾਹੌਰ ਦਰਬਾਰ ਦਾ ਪਹਿਲਾ ਕਤਲ ਸ: ਚੇਤ ਸਿੰਘ ੯ ਅਕਤੂਬਰ ੧੮੩੯ ਈ:

–ਮਹਾਰਾਣੀ ਚੰਦ ਕੌਰ ਕਤਲ ੧੧ ਜੂਨ ੧੮੪੨

–ਰਾਜਾ ਧਿਆਨ ਸਿੰਘ ਕਤਲ ੧੫ ਅਗਸਤ ੧੮੪੩

–ਮਹਾਰਾਜਾ ਦਲੀਪ ਸਿੰਘ : ਜਨਮ ਫ਼ਰਵਰੀ ੧੮੩੭ ਈ:, ਤਖ਼ਤ ੧੮ ਅਗਸਤ ੧੮੪੩, ਨਾਬਾਲਗ ਮਹਾਰਾਜੇ ਦੀ ਅੰਗਰੇਜ਼ਾਂ ਨਾਲ ਸੰਧੀ ਭਰੋਵਾਲ ੧੬ ਦਸੰਬਰ ੧੮੪੬, ਜਲਾਵਤਨ ੧੯ ਅਪ੍ਰੈਲ ੧੮੫੪, ਮ੍ਰਿਤੂ ਪੈਰਿਸ ਵਿਖੇ ੨੩ ਅਕਤੂਬਰ ੧੮੯੩

–ਮਹਾਰਾਣੀ ਜਿੰਦਾਂ ਕੈਦ ੧੮ ਅਗਸਤ ੧੮੪੭, ਚਲਾਣਾ ਲੰਡਨ ਵਿਖੇ ੧੮੬੩ ਈ:

–ਰਾਜਾ ਸੁਚੇਤ ਸਿੰਘ ਡੋਗਰਾ ਮਾਰਿਆ ਗਿਆ ੨੬ ਮਾਰਚ ੧੮੪੪

–ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਕਤਲ ੬ ਮਈ ੧੮੪੪

–ਹੀਰਾ ਸਿੰਘ ਡੋਗਰਾ ਕਤਲ ੨੧ ਦਸੰਬਰ ੧੮੪੪

–ਜਵਾਹਰ ਸਿੰਘ (ਮਹਾਰਾਣੀ ਜਿੰਦਾਂ ਦਾ ਭਰਾ) ਕਤਲ ੨੧ ਸਤੰਬਰ ੧੮੪੫

–ਸਿੱਖਾਂ ਅੰਗਰੇਜ਼ਾਂ ਦੀਆ ਲੜਾਈਆਂ : ਮੁਦਕੀ ੧੮ ਦਸੰਬਰ ੧੮੪੫, ਫੇਰੂ ੨੧ ਦਸੰਬਰ ੧੮੪੫, ਬਦੋਵਾਲ ੨੧ ਜਨਵਰੀ ੧੮੪੬, ਅਲੀਵਲ ੨੮ ਜਨਵਰੀ ੧੮੪੬, ਸਭਰਾਵਾਂ ੧੦ ਫ਼ਰਵਰੀ ੧੮੪੬, ਚੇਲਿਆਂ ਵਾਲੀ ੧੩ ਜਨਵਰੀ ੧੮੪੯, ਗੁਜਰਾਤ ੨੧ ਫ਼ਰਵਰੀ ੧੮੪੯

–ਸ: ਸ਼ਾਮ ਸਿੰਘ ਅਟਾਰੀ ਸ਼ਹੀਦੀ ੧੦ ਫ਼ਰਵਰੀ ੧੮੪੬

–ਸਿਖ ਫ਼ੌਜਾਂ ਨੂੰ ਸ਼ਸਤਰ-ਹੀਨ ਕੀਤਾ ਗਿਆ ੧੪ ਮਾਰਚ ੧੮੪੯

–ਲਾਹੌਰ ਕਿਲ੍ਹੇ ਤੇ ਅੰਗਰੇਜ਼ੀ ਝੰਡਾ ੨੯ ਮਾਰਚ ੧੮੪੯

–ਬਾਬਾ ਬਾਲਕ ਸਿੰਘ ਜੀ, ਜਨਮ ੧੭੯੯ ਈ:, ਅਕਾਲ ਚਲਾਣਾ ੧੮੬੨ ਈ:

–ਬਾਬਾ ਰਾਮ ਸਿੰਘ ਜੀ ਜਨਮ ੧੮੧੬ ਈ: ਅਕਾਲ ਚਲਾਣਾ ੧੮੮੫ ਈ:



www.AKJ.Org

–ਨਾਮਧਾਰੀ ਤੋਪਾਂ ਨਾਲ ਉਡਾਏ ਗਏ 18 ਜਨਵਰੀ 1872
–ਬਾਬਾ ਦਿਆਲ ਜੀ ਨਿਰੰਕਾਰੀ, ਜਨਮ 1783 ਈ:, ਅਕਾਲ ਚਲਾਣਾ 1855 ਈ:
–ਬਾਬਾ ਦਰਬਾਰਾ ਸਿੰਘ ਜੀ, ਜਨਮ 1814 ਈ:, ਅਕਾਲ ਚਲਾਣਾ 1870 ਈ:
–ਬਾਬਾ ਰਤਾ ਜੀ, ਜਨਮ 1830 ਈ:, ਅਕਾਲ ਚਲਾਣਾ 1909 ਈ:
–ਸਿੰਘ ਸਭਾ ਅੰਮ੍ਰਿਤਸਰ ਕਾਇਮ 1873 ਈ:
–ਸਿੰਘ ਸਭਾ ਲਾਹੌਰ ਕਾਇਮ 2 ਨਵੰਬਰ 1879 ਈ:
–ਖਾਲਸਾ ਦੀਵਾਨ ਲ੍ਹਾਹੌਰ ਕਾਇਮ 1886 ਈ:
–'ਖ਼ਾਲਸਾ' ਅਖ਼ਬਾਰ ਚਾਲੂ 13 ਜੂਨ 1886 ਈ:
–ਖ਼ਾਲਸਾ ਕਾਲਜ ਅੰਮ੍ਰਿਤਸਰ ਨੀਂਹ 5 ਮਾਰਚ 1892
–ਖ਼ਾਲਸਾ ਟ੍ਰੈਕਟ ਸੁਸਾਇਟੀ ਕਾਇਮ 1894 ਈ:
–'ਖ਼ਾਲਸਾ ਸਮਾਚਾਰ' ਅਖ਼ਬਾਰ ਜਾਰੀ 7 ਨਵੰਬਰ 1899 ਈ:
–ਚੀਫ਼ ਖ਼ਾਲਸਾ ਦੀਵਾਨ ਕਾਇਮ 30 ਅਕਤੂਬਰ 1902, ਐਜੂਕੇਸ਼ਨਲ ਕਮੇਟੀ ਕਾਇਮ 1908 ਈ:
–ਗਿ: ਦਿਤ ਸਿੰਘ ਜੀ ਜਨਮ 1852 ਈ:, ਅਕਾਲ ਚਲਾਣਾ 1901 ਈ:
–ਭਾਈ ਕਾਨ੍ਹ ਸਿੰਘ ਜੀ ਨਾਭਾ, ਜਨਮ 1861 ਈ:, ਅਕਾਲ ਚਲਾਣਾ 1938 ਈ:
–ਸੰਤ ਅਤਰ ਸਿੰਘ ਜੀ, ਜਨਮ 1923 ਬਿ: ਅਕਾਲ ਚਲਾਣਾ 1983 ਬਿਕਰਮੀ।
–ਬਾਬਾ ਗੁਰਦਿਤ ਸਿੰਘ ਜੀ, ਜਨਮ 1859 ਈ: ਅਕਾਲ ਚਲਾਣਾ 1954 ਈ:
–ਬਾਬਾ ਖੜਗ ਸਿੰਘ ਜੀ, ਜਨਮ 1867 ਈ:, ਅਕਾਲ ਚਲਾਣਾ 1963 ਈ:
–ਬਾਬਾ ਸੋਹਣ ਸਿੰਘ ਜੀ ਭਕਨਾ, ਜਨਮ 1870 ਈ: ਅਕਾਲ ਚਲਾਣਾ 1968 ਈ:
–ਭਾਈ ਸਾਹਿਬ ਰਣਧੀਰ ਸਿੰਘ ਜੀ, ਜਨਮ 1878 ਈ:, ਅਕਾਲ ਚਲਾਣਾ 1961 ਈ:
–ਭਾਈ ਸਾਹਿਬ ਵੀਰ ਸਿੰਘ ਜੀ, ਜਨਮ 1872 ਈ:, ਅਕਾਲ ਚਲਾਣਾ 1957 ਈ:
–ਸ: ਬ: ਧਰਮ ਸਿੰਘ ਜੀ, ਜਨਮ 1881 ਈ:, ਅਕਾਲ ਚਲਾਣਾ 1933 ਈ:
–ਭਾਈ ਸਾਹਿਬ ਮੋਹਨ ਸਿੰਘ ਜੀ ਵੈਦ, ਜਨਮ 1881 ਈ:, ਅਕਾਲ ਚਲਾਣਾ 1936 ਈ:
–ਮਾਸਟਰ ਤਾਰਾ ਸਿੰਘ ਜੀ, ਜਨਮ 1885 ਈ:, ਅਕਾਲ ਚਲਾਣਾ 1967 ਈ:
–ਗੁ: ਰਕਾਬ ਗੰਜ ਦੀ ਕੰਧ ਡੇਗੀ ਗਈ 1914 ਈ:
–ਬਜਬਜ ਘਾਟ ਦਾ ਸਾਕਾ 29 ਸਤੰਬਰ 1914 ਈ:
–ਅਮਰੀਕਾ ਤੋਂ 'ਗਦਰ' ਜਾਰੀ 1 ਨਵੰਬਰ 1913
–ਲਾਹੌਰ ਸਾਜ਼ਸ਼ ਕੇਸ 13 ਸਤੰਬਰ 1915
–ਕਰਤਾਰ ਸਿੰਘ ਸਰਾਭਾ ਫਾਂਸੀ 14 ਨਵੰਬਰ 1915 ਈ:
–ਜਲ੍ਹਿਆਂ ਵਾਲਾ ਬਾਗ ਦਾ ਖ਼ੂਨੀ ਸਾਕਾ 13 ਅਪਰੈਲ 1919
–ਸਖ਼ਤ ਕੁਰਬਾਨੀਆਂ ਪਿਛੋਂ ਕਿਰਪਾਨ ਦੀ ਅਜ਼ਾਦੀ 19 ਮਈ 1919
– ਅਕਾਲੀ' ਅਖ਼ਬਾਰ ਜਾਰੀ 21 ਮਈ 1920
–ਬਾਬੇ ਦੀ ਬੇਰ ਸਿਆਲਕੋਟ ਕਬਜ਼ਾ 5 ਅਕਤੂਬਰ 1920
–ਅਕਾਲ ਤਖ਼ਤ ਸਾਹਿਬ ਕਬਜ਼ਾ 12 ਅਕਤੂਬਰ 1920
–ਪਹਿਲੀ ਸ਼੍ਰੋਮਣੀ ਗੁ: ਪ੍ਰ: ਕਮੇਟੀ ਕਾਇਮ 16 ਨਵੰਬਰ 1920


www.AKJ.Org

–ਗੁਰਦਵਾਰਾ ਪੰਜਾ ਸਾਹਿਬ ਤੇ ਕਬਜ਼ਾ 18 ਨਵੰਬਰ 1920
–ਸ਼੍ਰੋਮਣੀ ਅਕਾਲੀ ਦਲ ਕਾਇਮ 14 ਦਸੰਬਰ 1920
–ਤਰਨ ਤਾਰਨ ਸ਼ਹੀਦੀਆਂ ਅਤੇ ਕਬਜ਼ਾ 26 ਜਨਵਰੀ 1921
–ਨਨਕਾਣਾ ਸਾਹਿਬ ਸ਼ਹੀਦੀ ਸਾਕਾ 21 ਫ਼ਰਵਰੀ 1921
–ਦਰਬਾਰ ਸਾਹਿਬ ਅੰਮ੍ਰਿਤਸਰ ਮੋਰਚਾ ਚਾਬੀਆਂ ਫ਼ਤਹ 12 ਜਨਵਰੀ 1922
–ਗੁਰੂ ਕਾ ਬਾਗ ਮੋਰਚਾ 8 ਅਗਸਤ ਤੋਂ 17 ਨਵੰਬਰ 1922
–ਅੰਮ੍ਰਿਤ-ਸਰੋਵਰ ਕਾਰ-ਸੇਵਾ 17 ਜੂਨ 1923
–ਮਹਾਰਾਜਾ ਨਾਭਾ ਗੱਦੀਓਂ ਉਤਾਰੇ 9 ਜੁਲਾਈ 1923
–ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਕਾਨੂੰਨ ਵਿਰੁੱਧ 23 ਅਕਤੂਬਰ 1923
–ਭਾਈ ਰਣਧੀਰ ਸਿੰਘ ਜੀ, ਬਾਬਾ ਖੜਗ ਸਿੰਘ ਜੀ ਤੇ ਹੋਰ ਸਿੰਘਾਂ ਤੇ ਜੇਲ੍ਹਾਂ ਵਿਚ ਸਖ਼ਤੀਆਂ ਕਾਰਨ ਪੰਥ ਵਲੋਂ ਅਰਦਾਸ-ਦਿਵਸ 1 ਫ਼ਰਵਰੀ 1923
–ਮੁਕਤਸਰ ਕਬਜ਼ਾ 17 ਫ਼ਰਵਰੀ 1923
–ਆਨੰਦਪੁਰ ਸਾਹਿਬ ਅਤੇ ਕੀਰਤਪੁਰ ਕਬਜ਼ੇ 15 ਮਾਰਚ 1923
–ਭਾਈ ਫੇਰੂ ਮੋਰਚਾ 5 ਜਨਵਰੀ ਤੋਂ 20 ਸਤੰਬਰ 1924
–ਜੈਤੋ ਗੁਰਦੁਆਰਾ ਸ੍ਰੀ ਗੰਗਸਰ ਵਿਖੇ ਅਖੰਡ ਪਾਠ ਖੰਡਤ 14 ਸਤੰਬਰ 1923
–ਜੈਤੋ ਵਿਖੇ ਪੰਜ ਸੌ ਸਿੰਘਾਂ ਤੇ ਗੋਲੀ 21 ਜੁਲਾਈ 1924
–ਜੈਤੋ ਦਾ ਮੋਰਚਾ 9 ਫ਼ਰਵਰੀ 1924 ਤੋਂ 21 ਜੁਲਾਈ 1925
–ਗੁਰਦੁਆਰਾ ਐਕਟ ਚਾਲੂ 1 ਸਤੰਬਰ 1925
–ਸ: ਤੇਜਾ ਸਿੰਘ ਜੀ ਸਮੁੰਦਰੀ : ਸ਼ਹੀਦੀ 17 ਜੁਲਾਈ 1926
–ਬੱਬਰ ਅਕਾਲੀ ਲਹਿਰ : ਬੱਬੇਲੀ ਦਾ ਸ਼ਹੀਦੀ ਸਾਕਾ 1 ਸਤੰਬਰ 1923, ਸ: ਧੰਨਾ ਸਿੰਘ ਦੀ ਅਦੁੱਤੀ ਸ਼ਹੀਦੀ 25 ਅਕਤੂਬਰ 1923, ਮੁੰਡੇਰ ਦਾ ਸ਼ਹੀਦੀ ਸਾਕਾ 12 ਦਸੰਬਰ 1923, ਸ: ਵਰਿਆਮ ਸਿੰਘ ਦੀ ਅਦੁੱਤੀ ਸ਼ਹੀਦੀ 8 ਜੂਨ 1924, ਆਖ਼ਰੀ ਬੱਬਰ ਕੇਸ ਦਾ ਫ਼ੈਸਲਾ 20 ਜਨਵਰੀ 1926, ਬੱਬਰ ਫਾਂਸੀ ਦਿਤੇ ਗਏ 27 ਫ਼ਰਵਰੀ 1926
–ਬਾਬਾ ਖੜਗ ਸਿੰਘ ਜੀ ਕਰੜੀ ਸਖ਼ਤੀ ਪਿਛੋਂ ਰਿਹਾ 2 ਜੂਨ 1927
–ਭਾਈ ਰਣਧੀਰ ਸਿੰਘ ਜੀ ਭਾਰੀ ਸਖ਼ਤੀਆਂ ਪਿਛੋਂ ਰਿਹਾਈ 4 ਅਕਤੂਬਰ 1930
–ਸ: ਭਗਤ ਸਿੰਘ : ਸ਼ਹੀਦੀ 23 ਮਾਰਚ 1931
–ਡਸਕੇ (ਗੁਜਰਾਤ) ਦਾ ਮੋਰਚਾ 1931
–ਸ਼ਹੀਦ ਗੰਜ ਐਜੀਟੇਸ਼ਨ : ਦਸੰਬਰ 1935 ਤੋਂ 25 ਮਈ 1926
–ਹਰੀਪੁਰ ਹਜ਼ਾਰੇ ਵਿਚ ਹਿੰਦੂ-ਸਿੱਖਾਂ ਦੀ ਤਬਾਹੀ ਜਨਵਰੀ 1947
–ਰਾਵਲਪਿੰਡੀ ਜੇਹਲਮ ਕੈਂਬਲਪੁਰ ਵਿਖੇ ਹਿੰਦੂ-ਸਿਖਾਂ ਦੀ ਤਬਾਹੀ ਮਾਰਚ 1947
–ਪੰਜਾਬ ਦਾ ਵੰਡਾਰਾ 15 ਅਗਸਤ 1947
–ਪੰਜਾਬੀ ਸੂਬਾ ਮੋਰਚਾ ਪਹਿਲਾ : 10 ਮਈ ਤੋਂ 12 ਜੁਲਾਈ 1955
–ਪੰਜਾਬੀ ਸੂਬਾ ਮੋਰਚਾ ਦੂਜਾ : 29 ਮਈ 1960 ਤੋਂ 9 ਜਨਵਰੀ 1961


www.AKJ.Org

# ਮ੍ਰਿਤਕ ਦੀ ਤਸਵੀਰ ਤੇ ਸ਼ਰਧਾਂਜਲੀ [ਗੁਰਮਤਿ ਸਟੱਡੀ ਸਰਕਲ, ਰੂਪ ਨਗਰ]

ਮ੍ਰਿਤਕ ਪ੍ਰਾਣੀ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਰਿਵਾਜ ਕਦੋਂ ਤੇ ਕਿਸ ਤਰ੍ਹਾਂ ਸ਼ੁਰੂ ਹੋਇਆ, ਇਸ ਬਾਰੇ ਨਿਸ਼ਚਿਤ ਤੌਰ ਤੇ ਤਾਂ ਕੁਝ ਨਹੀਂ ਕਿਹਾ ਜਾ ਸਕਦਾ, ਪਰ ਰੀਸੋ ਰੀਸੀ ਇਹ ਭੈੜਾ ਰਿਵਾਜ ਕੌੜੀ ਵੇਲ ਵਾਂਗ ਦਿਨੋ ਦਿਨ ਵਧਦਾ ਜਾ ਰਿਹਾ ਹੈ। ਕੋਈ ਘਰਾਣਾ, ਵਡਾ ਹੋਵੇ ਜਾਂ ਛੋਟਾ, ਆਸਤਕ ਹੋਵੇ ਜਾਂ ਨਾਸਤਕ, ਧਰਮੀ ਹੋਵੇ ਜਾਂ ਅਧਰਮੀ, ਹਰ ਕੋਈ ਚਾਹੁਣ ਲਗ ਪਿਆ ਹੈ ਕਿ ਉਸ ਦੇ ਮ੍ਰਿਤਕ ਸੰਬੰਧੀ ਨੂੰ ਸ਼ਰਧਾਂਜਲੀਆਂ ਜ਼ਰੂਰ ਭੇਟ ਕੀਤੀਆਂ ਜਾਣ। ਮ੍ਰਿਤਕ ਪ੍ਰਾਣੀ ਦੀ ਆਤਮਾ ਦੀ ਕਲਿਆਨਤਾ ਲਈ ਰਖੇ ਅਖੰਡਪਾਠ ਜਾਂ ਸਾਧਾਰਨ-ਪਾਠ ਮਗਰੋਂ ਗੁਰਬਾਣੀ ਦਾ ਕੀਰਤਨ ਕੀਤਾ-ਕਰਾਇਆ ਜਾਂਦਾ ਹੈ ਤੇ ਫਿਰ ਸ਼ਰਧਾਂਜਲੀ ਦੀ ਲੜੀ ਸ਼ੁਰੂ ਹੋ ਜਾਂਦੀ ਹੈ। ਜੋ ਵੀ ਉਠਦਾ ਹੈ, ਘਰ ਵਾਲਿਆਂ ਦਾ ਦਿਲ ਰਖਣ ਲਈ ਮਰੇ ਪ੍ਰਾਣੀ ਦੀਆਂ ਝੂਠੀਆਂ-ਸੱਚੀਆਂ ਸਿਫਤਾਂ ਕਰਨ ਲਗਿਆਂ ਫਿਰ ਅਗਾ-ਪਿਛਾ ਨਹੀਂ ਦੇਖਦਾ।

ਕਿਸੇ ਮਹਾਂ ਪੁਰਸ਼, ਚੰਗੇ ਜੀਵਨ ਜੀਉਣ ਵਾਲੇ ਪਰਉਪਕਾਰੀ ਜੀਵ ਦੀ ਵਡਿਆਈ ਕਰਨੀ ਕਿਸੇ ਹਦ ਤਕ ਠੀਕ ਹੋ ਸਕਦੀ ਹੈ, ਜੇ ਉਹ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਅਦਬ ਅਤੇ ਭੈ-ਭਾਵਨੀ ਨੂੰ ਸਾਹਮਣੇ ਰਖ ਕੇ ਕੀਤੀ ਜਾਏ। ਅਤੇ ਜੇ ਉਸ ਮ੍ਰਿਤਕ ਨੇ ਗੁਰੂ ਆਦਰਸ਼ ਅਨੁਸਾਰ ਆਪ ਜੀਵਨ ਜੀਵਿਆ ਹੋਵੇ ਅਤੇ ਗੁਰ-ਆਸ਼ੇ ਨੂੰ ਹੀ ਪ੍ਰਚਾਰਨ ਹਿਤ ਜ਼ਿੰਦਗੀ ਲਾਈ ਹੋਵੇ।

ਜੇ ਗੰਭੀਰਤਾ ਨਾਲ ਸੋਚੀਏ ਤਾਂ ਮ੍ਰਿਤਕ ਲਈ ਅਤੇ ਉਸ ਦੇ ਪਰਵਾਰ ਨੂੰ ਸ਼ਾਂਤੀ ਅਤੇ ਭਾਣਾ ਮੰਨਣ ਦਾ ਉਪਦੇਸ਼ ਗੁਰਬਾਣੀ ਦਾ ਪਾਠ ਅਤੇ ਕੀਰਤਨ ਨਾਲੋਂ ਵਧ ਹੋਰ ਕੌਣ ਦੇ ਸਕਦਾ ਹੈ? ਗੁਰਬਾਣੀ ਦੇ ਪਾਠ ਅਤੇ ਅਰਦਾਸ ਤੋਂ ਵਧ ਹੋਰ ਸੱਚੀ ਸ਼ਰਧਾਂਜਲੀ ਹੋ ਵੀ ਕੀ ਸਕਦੀ ਹੈ? ਪਰ ਅਫਸੋਸ! ਅਸਾਂ ਗੁਰੂ ਦੇ ਸਿਖ ਅਖਵਾਉਣ ਬਹੁਤਿਆਂ ਵਾਲਿਆਂ ਵਿਚੋਂ ਗੁਰਬਾਣੀ ਨੂੰ ਸਹੀ ਅਰਥਾਂ ਵਿਚ ਸਮਝਣ-ਸਮਝਾਉਣ ਅਤੇ ਅਰਦਾਸ ਦੀ ਮਹਾਨਤਾ ਨੂੰ ਸਮਝਿਆ ਹੀ ਨਹੀਂ। ਜਾਂ ਜੇ ਸਮਝਿਆ ਹੈ ਤਾਂ ਮਚਲੇ ਬਣ ਕੇ ਨਿਤ ਨਵੇਂ ਇਹੋ ਜਿਹੇ ਡਰਾਮੇ ਰਚਦੇ ਅਤੇ ਵੇਖ ਕੇ ਆਪਣਾ ਮਨੁਖਾ ਜਨਮ ਨਸ਼ਟ ਕਿਉਂ ਕਰਦੇ ਚਲੇ ਆ ਰਹੇ ਹਾਂ?

ਮ੍ਰਿਤਕ ਦੇ ਭੋਗ ਸਮੇਂ ਸ਼ਰਧਾਂਜਲੀਆਂ ਭੇਟ ਕਰਨ ਦੇ ਗਲਤ ਰਿਵਾਜ ਦੇ ਨਾਲ ਨਾਲ ਇਕ ਹੋਰ ਪਖੰਡ ਇਹ ਤੁਰ ਪਿਆ ਹੈ ਕਿ ਮ੍ਰਿਤਕ ਦੇ ਭੋਗ ਸਮੇਂ ਕੀਤੇ ਜਾ ਰਹੇ ਸਮਾਗਮ ਵਿਚ, ਮ੍ਰਿਤਕ ਦੀ ਤਸਵੀਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਰਖੀ ਜਾਣ ਲਗ ਪਈ ਹੈ। ਕਈ ਲੋਕ ਇਹ ਤਸਵੀਰ ਸ੍ਰੀ· ਗੁਰੂ ਗ੍ਰੰਥ ਸਾਹਿਬ ਜੀ ਦੇ ਅਗੇ ਟਿਕਾ ਦੇਂਦੇ ਹਨ, ਜਿਥੇ ਸੰਗਤਾਂ ਮੱਥਾ ਟੇਕਦੀਆਂ ਹਨ। ਇਉਂ ਜਾਪਣ ਲਗ ਜਾਂਦਾ ਹੈ ਕਿ ਮੱਥਾ ਟੇਕਣ ਵਾਲਾ ਗੁਰੂ ਸਾਹਿਬ ਦੇ ਨਾਲ ਨਾਲ ਮ੍ਰਿਤਕ ਪ੍ਰਾਣੀ ਦੀ ਫੋਟੋ ਨੂੰ ਵੀ ਮਥਾ ਟੇਕ ਰਿਹਾ ਹੈ।

ਕੁਝ ਵੀ ਹੋਵੇ, ਮਿਰਤਕ ਭਾਵੇਂ ਕੋਈ ਸੰਤ ਹੋਵੇ ਜਾਂ ਲੀਡਰ, ਸਾਧਾਰਨ ਪੁਰਸ਼-ਇਸਤ੍ਰੀ ਹੋਵੇ ਜਾਂ ਅਸਾਧਾਰਨ ਸਿਫਤਾਂ ਵਾਲਾ, ਅਮੀਰ ਜਾਂ ਗਰੀਬ ਹੋਵੇ, ਭੋਗ ਸਮੇਂ ਉਸ ਦੀ ਤਸਵੀਰ ਦੀ ਨੁਮਾਇਸ਼, ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਹਜ਼ੂਰੀ ਵਿਚ ਕਰਨੀ, ਨਿਰੋਲ ਮਨਮਤ, ਆਪ-ਹੁਦਰੀ ਤੇ ਬੇਤੁਕੀ ਕਰਵਾਈ ਹੈ, ਜਿਸ ਦਾ ਕੋਈ ਮਤਲਬ ਹੀ ਨਹੀਂ।

ਸਾਡੇ ਬਹੁਤੇ ਸਿਖ ਘਰਾਂ ਵਿਚ ਮ੍ਰਿਤਕ ਦੇ ਭੋਗ ਸਮੇਂ, ਉਹ ਕਿਹੜੀ ਬਿਪਰਨ ਰੀਤੀ ਹੈ ਜੋ ਨਹੀਂ ਹੁੰਦੀ। ਕਿਰਿਆ ਵਾਂਗ ਕਪੜੇ, ਬਰਤਨ, ਬਿਸਤਰਾ, ਫ਼ਰੂਟ, ਮਠਿਆਈ, ਛਤਰੀ ਆਦਿ ਕਈ ਵਸਤਾਂ ਮ੍ਰਿਤਕ ਪ੍ਰਾਣੀ ਲਈ ਦੀਵਾਨ ਵਿਚ ਰਖ ਕੇ ਨੁਮਾਇਸ਼ ਸਾਡੇ ਸਿਖ ਘਰਾਂ ਵਿਚ ਗਜ-ਵਜ ਕੇ ਕੀਤੀ ਜਾਂਦੀ ਹੈ। ਫ਼ਰਕ ਕੇਵਲ ਇਤਨਾ ਹੈ ਕਿ ਉਨ੍ਹਾਂ ਘਰਾਂ ਵਿਚ ਇਹ ਸਾਰੀਆਂ ਵਸਤਾਂ ਬ੍ਰਾਹਮਣ ਜਾਂ ਅਚਾਰਜੀ ਲੈ ਜਾਂਦਾ ਹੈ, ਇਧਰ ਸਾਡੇ ਪਾਠੀ-ਗ੍ਰੰਥੀ ਸਿੰਘ ਸਮੇਟ ਕੇ ਲੈ ਜਾਂਦੇ ਹਨ।

ਇਨ੍ਹਾਂ ਫ਼ਜ਼ੂਲ ਰਿਵਾਜਾਂ ਵਿਰੁਧ ਜਹਾਦ ਕਰਨ ਲਈ ਹਰ ਸਿਖ ਅਖਵਾਉਣ ਵਾਲੇ ਨੂੰ ਗੁਰਮਤਿ ਦੇ ਮੁਢਲੇ ਤੇ ਜ਼ਰੂਰੀ ਅਸੂਲਾਂ ਤੋਂ ਜਿਥੇ ਆਪ ਜਾਣੂ ਹੋਣਾ ਪਵੇਗਾ, ਉਥੇ ਇਸ ਦੇ ਪ੍ਰਚਾਰ ਲਈ ਤਨ-ਮਨ ਅਤੇ ਧਨ ਵੀ ਲਾਉਣਾ ਪਵੇਗਾ।

www.AKJ.Org

# ਸਲੋਕ ਸਹਸਕ੍ਰਿਤੀ (੩)

[ਅਰਥ ਵਿਆਖਿਆ ਵਲੋਂ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

**ਘਟੰਤ ਰੂਪੰ ਘਟੰਤ ਦੀਪੰ**
**ਘਟੰਤ ਰਵਿ ਸਸੀਅਰ ਨਖ੍ਯ੍ਤ੍ਰ ਗਗਨੰ ॥**
**ਘਟੰਤ ਬਸੁਧਾ ਗਿਰਿ ਤਰ ਸਿ ਖੰਡੰ ॥**
**ਘਟੰਤ ਲਲਨਾ ਸੁਤ ਭ੍ਰਾਤ ਹੀਤੰ ॥**
**ਘਟੰਤ ਕਨਿਕ ਮਾਨਿਕ ਮਾਇਆ ਸ੍ਵਰੂਪੰ ॥**
**ਨਹ ਘਟੰਤ ਕੇਵਲ ਗੋਪਲ ਅਚੁਤ ॥**
**ਅਸਥਿਰੰ ਨਾਨਕ ਸਾਧ ਜਨ ॥੯॥**

**ਪਦ ਅਰਥ** :–ਘਟੰਤ–ਘਟਦੀ ਹੈ, ਖਿਸਕਦੀ ਹੈ। ਰੂਪੰ–ਰੂਪ, ਦ੍ਰਿਸ਼ਟਮਾਨ ਦੀ ਸੁੰਦਰਤਾ। ਦੀਪੰ–ਤੇਜ ਪਰਤਾਪ। ਰਵਿ–ਸੂਰਜ। ਸਸੀਅਰ–ਚੰਦਰਮਾ। ਨਖ੍ਯ੍ਤ੍ਰ–ਤਾਰੇ। ਗਗਨੰ–ਅਕਾਸ਼। ਬਸੁਧਾ–ਧਰਤੀ। ਗਿਰਿ–ਪਹਾੜ। ਤਰ–ਰੁਖ, ਬ੍ਰਿਛ। ਸਿ ਖੰਡੰ–ਉਸ ਦੇ ਖੰਡ। ਲਲਨਾ–ਇਸਤ੍ਰੀ, ਪਤਨੀ। ਸੁਤ–ਪੁੱਤਰ। ਭ੍ਰਾਤ–ਭਾਈ। ਹੀਤੰ–ਹਿਤੂ, ਪਿਆਰੇ ਸਨਬੰਧੀ। ਕਨਿਕ–ਸੋਨਾ। ਮਾਨਿਕ–ਮੋਤੀ, ਹੀਰੇ। ਮਾਇਆ ਸ੍ਵਰੂਪੰ–ਮਾਇਕੀ ਸਵਰੂਪ, ਪ੍ਰਕਿਰਤੀ ਦੇ ਸਾਰੇ ਅਕਾਰ। ਅਚੁਤ–ਅਬਿਨਾਸ਼ੀ। ਅਸਥਿਰੰ–ਸਦਾ ਕਾਇਮ।੯।

**ਅਰਥ** :–ਦ੍ਰਿਸ਼ਟਮਾਨ ਪਸਾਰੇ ਦੀ ਸੁੰਦਰਤਾ (ਸਮਾਂ ਪਾ ਕੇ) ਖਿਸਰ ਜਾਂਦੀ ਹੈ, ਤੇਜ ਪ੍ਰਤਾਪ ਮਿਟ ਜਾਂਦਾ ਹੈ। ਸੂਰਜ, ਚੰਦਰਮਾ, ਤਾਰਾ-ਮੰਡਲ ਤੇ ਅਕਾਸ਼, ਇਹ ਸਾਰੇ ਖਿਸਰ ਜਾਂਦੇ ਹਨ। ਧਰਤੀ ਤੇ ਉਸ ਦੇ ਸਾਰੇ ਖੰਡ, ਸਮੇਤ ਪਹਾੜਾਂ ਤੇ ਰੁਖਾਂ (ਜੰਗਲਾਂ) ਦੇ ਸਾਰੇ ਨਾਸ ਹੋ ਜਾਂਦੇ ਹਨ। ਪਤਨੀ, ਪੁੱਤਰ, ਭਰਾ ਤੇ ਪਿਆਰੇ ਸਨਬੰਧ ਵੀ ਬਿਨਸ ਜਾਂਦੇ ਹਨ। ਸੋਨਾ ਮੋਤੀ ਆਦਿਕ ਸਾਰੇ ਮਾਇਕੀ ਅਕਾਰ ਵੀ (ਅੰਤ ਨੂੰ) ਨਾਸ ਹੋ ਜਾਂਦੇ ਹਨ।

ਪਰ 'ਨਾਨਕ' ! ਕੇਵਲ ਇਕ ਅਬਿਨਾਸ਼ੀ ਪ੍ਰਭੂ ਹੀ ਹੈ ਜੋ ਕਦੇ ਨਹੀਂ ਬਿਨਸਦਾ, (ਅਬਿਨਾਸ਼ੀ ਪ੍ਰਭੂ) ਦੇ ਸਾਧ ਜਨ ਵੀ ਕਾਇਮ ਦਾਇਮ ਰਹਿਣ ਵਾਲੇ ਹਨ।੯।

**ਸਾਰੰਸ਼** :–ਦ੍ਰਿਸ਼ਟਮਾਨ ਪਸਾਰਾ ਸਾਰਾ ਬਿਨਸਨਹਾਰ ਹੈ, ਕੇਵਲ ਵਾਹਿਗੁਰੂ ਅਤੇ ਵਾਹਿਗੁਰੂ ਦੇ ਸੇਵਕ ਸਦਾ ਕਾਇਮ ਰਹਿੰਦੇ ਹਨ। ਗੁਰਵਾਕ–

ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ ॥੧੭॥
[ਰਾਮਕਲੀ ਵਾਰ ਮ: ੫, ਪੰਨਾ ੧੧੦੦

**ਨਹ ਬਿਲੰਬ ਧਰਮੰ ਬਿਲੰਬ ਪਾਪੰ ॥**
**ਦ੍ਰਿੜੰਤ ਨਾਮੰ ਤਜੰਤ ਲੋਭੰ ॥**
**ਸਰਣਿ ਸੰਤੰ ਕਿਲਬਿਖ ਨਾਸੰ ॥**
**ਪ੍ਰਾਪਤੰ ਧਰਮ ਲਖ੍ਯ੍ਣ ॥**
**ਨਾਨਕ ਜਿਹ ਸੁਪ੍ਰਸੰਨ ਮਾਧਵਹ ॥੧੦॥**

**ਪਦ ਅਰਥ** :–ਬਿਲੰਬ–ਦੇਰੀ, ਢਿਲ, ਸੰਕੋਚ। ਦ੍ਰਿੜੰਤ–ਦ੍ਰਿੜ੍ਹ ਕਰਨਾ, ਮਨ ਵਿਚ ਪੱਕਿਆਂ ਕਰ ਕੇ ਵਸਾਉਣਾ। ਤਜੰਤ–ਤਜਣਾ, ਛਡਣਾ। ਲੋਭੰ–ਲੋਭ। ਕਿਲਬਿਖ–ਪਾਪ। ਪ੍ਰਾਪਤੰ–ਪ੍ਰਾਪਤ ਹੁੰਦੇ ਹਨ। ਲਖਿ੍ਣ–ਲਛਣ। ਜਿਹ–ਜਿਸ ਉਤੇ। ਮਾਧਵਹ–ਮਾਇਆ ਦਾ ਪਤੀ, ਵਾਹਿਗੁਰੂ।੧੦।



www.AKJ.Org

**ਅਰਥ** :–ਧਰਮ (ਦੇ ਕੰਮਾਂ) ਵਿਚ ਢਿਲ ਨਾ ਕਰਨੀ ਅਤੇ ਪਾਪ-ਕਰਮਾਂ ਵਲੋਂ ਸਦਾ ਸੰਕੋਚ ਕਰਨਾ, ਪ੍ਰਭੂ ਦੇ ਨਾਮ ਨੂੰ ਹਿਰਦੇ ਵਿਚ ਦ੍ਰਿੜ੍ਹ ਕਰਨਾ ਤੇ ਲੋਭ ਦਾ ਤਿਆਗ ਕਰਨਾ, ਸਰਬ ਪਾਪ-ਖੰਡਨ ਸਾਧੂ-ਸਤਿਗੁਰੂ ਦੀ ਚਰਨ-ਸ਼ਰਨ ਪ੍ਰਾਪਤ ਕਰਨੀ, ਇਹ ਹੁਨ ਧਰਮ-ਲਛਣ । 'ਨਾਨਕ' ! ਇਹ (ਧਰਮ-ਲਛਣ) ਪ੍ਰਾਪਤ ਉਸ ਪ੍ਰਾਣੀ ਨੂੰ ਹੁੰਦੇ ਹਨ, ਜਿਸ ਉਤੇ ਪ੍ਰਭੂ ਜੀ ਤਰੁੱਠ ਪੈਣ ।੧੦।

**ਸਾਰੰਸ਼** :–ਸਾਧੂ ਸਤਿਗੁਰੂ ਦੀ ਸ਼ਰਨੀ ਪੈ ਕੇ ਨਾਮ ਦ੍ਰਿੜ੍ਹ ਕਰਨਾ, ਸ਼ੁਭ ਕਰਮ ਕਰਨ ਲਈ ਤੱਤਪਰ ਰਹਿਣਾ, ਪਾਪ-ਲੋਭ ਦਾ ਤਿਆਗ ਕਰਨਾ ਆਦਿ ਧਰਮ-ਲਛਣ ਪ੍ਰਭੂ ਦੀ ਮਿਹਰ ਸਦਕਾ ਹੀ ਪ੍ਰਾਪਤ ਹੁੰਦੇ ਹਨ ।

**ਮਿਰਤ ਮੋਹੰ ਅਲਪ ਬੁਧੰ**
**ਰਚੰਤਿ ਬਨਿਤਾ ਬਿਨੋਦ ਸਾਹੰ ॥**
**ਜੌਬਨ ਬਹਿਕ੍ਰਮ ਕਨਿਕ ਕੁੰਡਲਹ ॥**
**ਬਚਿਤ੍ਰ ਮੰਦਿਰ ਸੋਭੰਤਿ ਬਸਤ੍ਰਾ**
**ਇਤੰਤ ਮਾਇਆ ਬ੍ਯਾਪਿਤੰ ॥**
**ਹੇ ਅਚੁਤ ਸਰਣਿ ਸੰਤ**
**ਨਾਨਕ ਭੋ ਭਗਵਾਨ ਏ ਨਮਹ ॥੧੧॥**

**ਪਦ ਅਰਥ** :–ਮਿਰਤ–ਨਾਸਵੰਤ, ਝੂਠੇ । ਅਲਪ ਬੁਧੰ–ਥੋੜੀ ਬੁਧੀ ਵਾਲਾ, ਕਮ-ਅਕਲ ਜੀਵ । ਰਚੰਤਿ–ਰਚਦਾ ਹੈ । ਬਨਿਤਾ–ਇਸਤ੍ਰੀ, ਪਤਨੀ । ਬਿਨੋਦ–ਰੰਗ ਤਮਾਸ਼ੇ, ਕਲੋਲ । ਸਾਹੰ–ਉਤਸ਼ਾਹ । ਬਹਿਕ੍ਰਮ–ਅਵਸਥਾ, ਉਮਰ । ਕਨਿਕ ਕੁੰਡਲਹ–ਸੋਨੇ ਦੇ ਕੁੰਡਲ, ਵਾਲੇ । ਬਚਿਤ੍ਰ–ਮਨਮੋਹਣੇ, ਰੰਗਾ ਰੰਗ ਦੇ । ਸੋਭੰਤਿ–ਸੁਹਾਵਣੇ । ਬਸਤ੍ਰਾ–ਬਸਤਰ, ਕਪੜੇ । ਇਤੰਤ–ਇਤਨੀ ਜ਼ਿਆਦਾ । ਬ੍ਯਾਪਿਤੰ–ਵਿਆਪਦੀ ਹੈ ਅਚੁਤ–ਅਬਿਨਾਸ਼ੀ । ਭੋ ਭਗਵਾਨ–ਧਰਤੀ ਦੇ ਮਾਲਕ ਪ੍ਰਭੂ । ਨਮਹ–ਨਮਸਕਾਰ ।੧੧।

**ਅਰਥ** :–ਨਾਸਵੰਤ ਪਦਾਰਥਾਂ ਦੇ ਮੋਹ ਕਾਰਨ ਥੋੜੀ ਮੱਤ ਵਾਲਾ ਜੀਵ ਕਾਮਨੀ ਦੇ ਰੰਗ-ਤਮਾਸ਼ਿਆਂ ਵਿਚ ਬੜੇ ਉਤਸ਼ਾਹ ਨਾਲ ਰਚਿਆ ਰਹਿੰਦਾ ਹੈ । ਜੋਬਨ ਅਵਸਥਾ ਦਾ ਵੇਗ, ਸੋਨੇ ਦੇ ਵਾਲੇ, ਮਨਮੋਹਣੇ ਮੰਦਰ ਤੇ ਸੁਹਾਵਣੇ ਬਸਤਰ ਆਦਿਕ, ਰੰਗਾ ਰੰਗ ਦੀ ਮਾਇਆ (ਅਲਪ-ਬੁੱਧੀ ਵਾਲੇ ਜੀਵ ਨੂੰ) ਅਤਿਅੰਤ ਪ੍ਰਬਲ ਹੋ ਕੇ ਵਿਆਪ ਰਹੀ ਹੈ ।

(ਮਾਇਆ ਦੀ ਅਜਿਹੀ ਤਿਲ੍ਹਕਣ-ਬਾਜ਼ੀ ਵਿਚ) ਸੰਤਾਂ ਨੂੰ ਆਪਣੀ ਸ਼ਰਨ ਦੇਣ (ਤੇ ਸੁਰੱਖਿਅਤ ਰਖਣ) ਵਾਲੇ, ਧਰਤੀ ਦੇ ਮਾਲਕ ਅਬਿਨਾਸ਼ੀ ਪ੍ਰਭੂ ! ਤੈਨੂੰ ਮੇਰੀ ਨਾਨਕ ਦੀ ਨਮਸਕਾਰ !!੧੧।

**ਸਾਰੰਸ਼** :–ਪ੍ਰਬਲ ਮਾਇਆ ਅਨਿਕ ਪ੍ਰਕਾਰ ਦੇ ਛਲ-ਛਿਦਰ ਕਰ ਕੇ ਸੰਸਾਰ ਨੂੰ ਵਿਆਪ ਰਹੀ ਹੈ । ਵਾਹਿਗੁਰੂ ਸਤ-ਪੁਰਸ਼ਾਂ ਨੂੰ ਆਪਣੀ ਓਟ ਵਿਚ ਰਖ ਕੇ, ਮਾਇਆ ਦੇ ਛਲ-ਛਿਦਰਾਂ ਤੋਂ ਉਨ੍ਹਾਂ ਦੀ ਰੱਖਿਆ ਕਰਦਾ ਹੈ । ਅਜਿਹਾ ਰਖਿਅਕ ਪ੍ਰਭੂ ਨਮਸਕਾਰ ਜੋਗ ਹੈ ।

**ਜਨਮੰ ਤ ਮਰਣੰ ਹਰਖੰ ਤ ਸੋਗੰ**
**ਭੋਗੰ ਤ ਰੋਗੰ ॥**
**ਊਚੰ ਤ ਨੀਚੰ ਨਾਨ੍ਹਾ ਸੁ ਮੂਚੰ ॥**
**ਰਾਜੰ ਤ ਮਾਨੰ ਅਭਿਮਾਨੰ ਤ ਹੀਨੰ ॥**
**ਪ੍ਰਵਿਰਤਿ ਮਾਰਗੰ ਵਰਤੰਤਿ ਬਿਨਾਸਨੰ ॥**
**ਗੋਬਿੰਦ ਭਜਨ ਸਾਧ ਸੰਗੇਣ ਅਸਥਿਰੰ**


www.AKJ.Org

ਨਾਨਕ ਭਗਵੰਤ ਭਜਨਾਸਨੰ ॥੧੨॥

**ਪਦ ਅਰਥ**:—ਹਰਖੰ—ਖੁਸ਼ੀ । ਸੋਗੰ—ਗ਼ਮੀ । ਨਾਨ੍ਾ—ਛੋਟਾ । ਮੂਚੰ—ਵੱਡਾ । ਮਾਨੰ—ਅਭਿਮਾਨ, ਹੰਕਾਰ । ਹੀਨੰ—ਹੀਣਾ, ਅਪਮਾਨ । ਪ੍ਰਵਿਰਤਿ ਮਾਰਗੰ—ਪ੍ਰਵਿਰਤੀ ਦੇ ਮਾਰਗ ਵਿਚ । ਵਰਤੰਤਿ—ਵਰਤਦਿਆਂ, ਚਲਦਿਆਂ । ਬਿਨਾਸਨੰ—ਵਿਨਾਸ । ਅਸਥਿਰੰ—ਕਾਇਮ ਰਹਿਣ ਵਾਲਾ । ਭਜਨਾਸਨੰ—ਭਜਨ+ਅਸਨ, ਭਜਨ ਦਾ ਭੋਜਨ (ਆਸਰਾ) ।੧੨।

**ਅਰਥ** :—(ਸੰਸਾਰ ਵਿਚ) ਜਿਥੇ ਜਨਮ ਹੈ ਉਥੇ ਮਰਨਾ ਭੀ ਹੈ, ਜਿਥੇ ਖੁਸ਼ੀ ਹੈ ਉਥੇ ਗ਼ਮੀ ਭੀ ਹੈ, ਜਿਥੇ (ਪਦਾਰਥਾਂ ਦੇ) ਭੋਗ ਹਨ ਉਥੇ ਰੋਗ ਭੀ ਹਨ । ਜਿਥੇ ਉੱਚਾ-ਪਣ ਹੈ ਉਥੇ ਨਾਲ ਨਾਲ ਨੀਵਾਂ-ਪਣ ਵੀ (ਮੌਜੂਦ) ਹੈ ਅਤੇ ਜਿਥੇ ਨਿੱਕਾ-ਪਣ ਹੈ ਓਥੇ ਨਾਲ ਵੱਡਾ-ਪਣ ਵੀ ਹੈ । ਜਿਥੇ ਐਸ਼ਵਰਜ ਹੈ ਉਥੇ (ਰਾਜ ਦਾ) ਮਾਣ ਵੀ (ਨਾਲ ਹੀ) ਹੈ, ਪਰ ਜਿਥੇ ਮਾਣ ਹੈ ਓਥੇ (ਨਾਲ ਹੀ) ਹੀਣਤਾ ਅਥਵਾ ਅਪਮਾਨ ਵੀ ਹੈ । ਸੰਸਾਰ ਦੇ (ਹਰਖ ਸੋਗ ਦੇ) ਪ੍ਰਵਿਰਤੀ ਮਾਰਗ਼ ਵਿਚ ਵਰਤਦਿਆਂ ਹਰੇਕ ਦਾ ਬਿਨਾਸ ਅਵੱਸ਼ ਹੈ ।

ਸੰਸਾਰ ਵਿਚ ਜੇ ਕੁਝ ਅਸਥਿਰ ਹੈ ਤਾਂ ਉਹ ਹੈ ਕੇਵਲ ਸਾਧ ਸੰਗਤ ਵਿਚ ਜੁੜ ਕੇ ਕੀਤਾ ਗੋਬਿੰਦ ਦਾ ਭਜਨ । ਤਾਂ ਤੇ ਹੇ ਨਾਨਕ ! ਵਾਹਿਗੁਰੂ ਦਾ ਭਜਨ ਹੀ ਜੀਵਨ ਦਾ ਸਹੀ ਅਧਾਰ (ਅਸਨ) ਹੈ ।੧੨।

**ਸਾਰੰਸ਼** :—ਹਰਖ ਸੋਗ ਵਿਚ ਪ੍ਰਵਿਰਤੀ ਦਾ ਰਾਹ ਵਿਨਾਸ਼ ਵਲ ਲਿਜਾਂਦਾ ਹੈ । ਸਤਿਸੰਗ ਵਿਚ ਜੁੜ ਕੇ ਕੀਤਾ ਵਾਹਿਗੁਰੂ ਦਾ ਭਜਨ ਹੀ ਜੀਵਨ ਦਾ ਸਹੀ ਅਧਾਰ ਹੈ ।

ਕਿਰਪੰਤ ਹਰੀਅੰ ਮਤਿ ਤਤੁ ਗਿਆਨੰ ॥
ਬਿਗਸੀਧਿ ਬੁਧਾ ਕੁਸਲ ਥਾਨੰ ॥
ਬਸ੍ਹਿੰਤ ਰਿਖਿਅੰ ਤਿਆਗਿ ਮਾਨੰ ॥
ਸੀਤਲੰਤ ਰਿਦਯੰ ਦ੍ਰਿੜੁ ਸੰਤ ਗਿਆਨੰ ॥
ਰਹੰਤ ਜਨਮੰ ਹਰਿ ਦਰਸ ਲੀਣਾ ॥
ਬਾਜੰਤ ਨਾਨਕ ਸਬਦ ਬੀਣਾਂ ॥੧੩॥

**ਪਦ ਅਰਥ** :—ਕਿਰਪੰਤ ਹਰੀਅੰ—ਹਰੀ ਪ੍ਰਭੂ ਜਦੋਂ ਕਿਰਪਾ ਕਰਦਾ ਹੈ । ਮਤਿ—ਬੁਧੀ । ਬਿਗਸੀਧਿ ਬੁਧਾ—ਵਿਗਸੀ ਹੋਈ ਬੁਧੀ ਵਾਲਾ । ਕੁਸਲ ਥਾਨੰ—ਅਨੰਦੀ ਅਸਥਾਨ । ਬਸ੍ਹਿੰਤ—ਵਸ ਵਿਚ ਆ ਜਾਂਦੀਆਂ ਹਨ । ਰਿਖਿਅੰ—ਇੰਦਰੀਆਂ । ਤਿਆਗਿ-ਤਿਆਗ ਕੇ । ਮਾਨੰ—ਹੰਕਾਰ । ਸੀਤਲੰਤ ਸੀਤਲ, ਠੰਢਾ ਹੋ ਜਾਂਦਾ ਹੈ । ਰਿਦਯੰ-ਹਿਰਦਾ । ਦ੍ਰਿੜੁ—ਦ੍ਰਿੜ੍ਹ, ਪੱਕਾ । ਸੰਤ ਗਿਆਨੰ—ਸੰਤ-ਸਤਿਗੁਰੂ ਦਾ ਗਿਆਨ, ਉਪਦੇਸ਼ । ਰਹੰਤ—ਰਹਿ ਜਾਂਦਾ ਹੈ, ਮੁਕ ਜਾਂਦਾ ਹੈ । ਜਨਮੰ-ਜਨਮ ਮਰਨ ਦਾ ਗੇੜ । ਲੀਣਾ—ਨਿਮਗਨ, ਮਸਤ । ਬਾਜੰਤ—ਵਜਦੀ ਹੈ । ਬੀਣਾ—ਵੀਣਾ ।੧੩।

**ਅਰਥ** :—ਜਦੋਂ ਹਰੀ ਪ੍ਰਭੂ ਕਿਰਪਾ ਕਰਦਾ ਹੈ ਤਾਂ ਬੁਧੀ ਵਿਚ (ਪ੍ਰਭੂ ਦਾ) ਤੱਤ-ਗਿਆਨ ਪ੍ਰਗਟ ਹੋ ਜਾਂਦਾ ਹੈ । (ਇਸ ਗਿਆਨ ਦੇ ਤੁਫ਼ੈਲ) ਵਿਗਸੀ ਹੋਈ ਬੁਧੀ ਵਾਲਾ ਵਿਅਕਤੀ ਅਨੰਦ ਦੇ ਘਰ (ਅਵਸਥਾ) ਵਿਚ ਵਸਦਾ ਹੈ । ਹੰਕਾਰ ਨੂੰ ਤਿਆਗ ਦੇਣ ਨਾਲ ਸਰੀਰ ਦੇ ਗਿਆਨ ਅਤੇ ਕਰਮ ਇੰਦਰੇ ਉਸ ਦੇ ਵਸ ਵਿਚ ਆ ਜਾਂਦੇ ਹਨ । ਸੰਤ-ਸਤਿਗੁਰੂ ਦਾ ਗਿਆਨ-ਉਪਦੇਸ਼ ਦ੍ਰਿੜ੍ਹ ਹੋ ਜਾਣ ਨਾਲ ਉਸ ਦਾ ਹਿਰਦਾ ਸ਼ਾਂਤ ਹੋ ਜਾਂਦਾ ਹੈ ।

'ਨਾਨਕ' ! ਉਸ ਦੇ ਅੰਦਰ (ਨਿਰੰਤਰ) ਸ਼ਬਦ-ਬੀਣਾ ਵਜਦੀ ਰਹਿੰਦੀ ਹੈ ਤੇ ਉਹ ਸਦਾ ਹਰੀ ਪ੍ਰਭੂ ਦੇ ਦਰਸ਼ਨਾਂ ਵਿਚ ਨਿਮਗਨ ਰਹਿੰਦਾ ਹੈ । (ਇਸ ਦੇ ਫਲ-ਸਰੂਪ) ਉਸ ਦਾ ਜਨਮ (ਮਰਨ) ਦਾ ਗੇੜ ਮੁੱਕ ਜਾਂਦਾ ਹੈ ।੧੩।



www.AKJ.Org

**ਸਾਰੰਸ਼** :–ਪ੍ਰਭੂ ਦੀ ਕਿਰਪਾ ਨਾਲ ਹੀ ਜਗਿਆਸੂ ਨੂੰ ਸਤਿਗੁਰੂ ਤੋਂ ਗੁਰ-ਸ਼ਬਦ ਮੇਈ ਤੱਤ-ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗੁਰ-ਸ਼ਬਦ ਦੀ ਕਮਾਈ ਸਦਕਾ ਉਸ ਦੀ ਮੱਤ ਪ੍ਰਗਾਸ ਜਾਂਦੀ ਹੈ, ਹਿਰਦਾ ਸ਼ਾਂਤ ਹੋ ਜਾਂਦਾ ਹੈ ਤੇ ਇੰਦਰੇ ਵਸ ਵਿਚ ਆ ਜਾਂਦੇ ਹਨ। ਉਸ ਦੀ ਸੁਰਤਿ ਪ੍ਰਭੂ-ਸਿਮਰਨ ਵਿਚ ਲੀਨ ਰਹਿੰਦੀ ਹੈ। ਇਸ ਤਰ੍ਹਾਂ ਉਹ ਜਨਮ ਮਰਨ ਤੋਂ ਮੁਕਤ ਹੋ ਜਾਂਦਾ ਹੈ।

**ਕਹੰਤ ਬੇਦਾ ਗੁਣੰਤ ਗੁਨੀਆ**
**ਸੁਣੰਤ ਬਾਲਾ ਬਹੁ ਬਿਧਿ ਪ੍ਰਕਾਰਾ ॥**
**ਦ੍ਰਿੜੰਤ ਸੁ ਬਿਦਿਆ ਹਰਿ ਹਰਿ ਕ੍ਰਿਪਾਲਾ ॥**
**ਨਾਮ ਦਾਨੁ ਜਾਚੰਤ ਨਾਨਕ**
**ਦੈਨਹਾਰ ਗੁਰ ਗੋਪਾਲਾ ॥੧੪॥**

**ਪਦ ਅਰਥ** :–ਕਹੰਤ–ਕਹਿੰਦੇ ਹਨ, ਕਥਦੇ ਹਨ। ਬੇਦਾ—ਵੇਦ। ਗੁਣੰਤ–ਗੁਣਦੇ ਹਨ, ਵਿਚਾਰਦੇ ਹਨ। ਗੁਨੀਆ–ਗੁਣੀ ਲੋਕ। ਸੁਣੰਤ–ਸੁਣਦੇ ਹਨ। ਬਾਲਾ–ਬਾਲਕੇ, ਸਿਖ ਸੇਵਕ। ਬਹੁ ਬਿਧਿ ਪ੍ਰਕਾਰਾ–ਕਈ ਤਰ੍ਹਾਂ ਦਾ। ਦ੍ਰਿੜੰਤ–ਦ੍ਰਿੜ੍ਹ ਕਰਦੇ ਹਨ। ਸੁ ਬਿਦਿਆ–ਸ੍ਰੇਸ਼ਟ, ਸ਼ੁਭ ਵਿਦਿਆ। ਜਾਚੰਤ–ਮੰਗਦੇ ਹਨ। ਦੈਨਹਾਰ–ਦੇਣ ਵਾਲਾ, ਦਾਤਾਰ ਪ੍ਰਭੂ।੧੪।

**ਅਰਥ** :- ਜੋ ਕੁਝ ਵੇਦ ਆਖਦੇ ਹਨ, ਵਿਦਵਾਨ ਪੁਰਸ਼ ਉਸ ਦਾ ਵਖਿਆਨ ਕਰਦੇ ਹਨ। ਉਨ੍ਹਾਂ ਦੇ ਕਈ ਤਰੀਕਿਆਂ ਨਾਲ ਪ੍ਰਗਟਾਏ ਵਿਚਾਰਾਂ ਨੂੰ ਉਨ੍ਹਾਂ ਦੇ ਚੇਲੇ-ਬਾਲੇ ਸੁਣਦੇ ਹਨ। (ਇਸ ਤਰ੍ਹਾਂ ਸੰਸਾਰ ਵੇਦਾਂ ਦੀ ਤ੍ਰਿਗੁਣੀ ਵਿਦਿਆ ਵਿਚ ਪ੍ਰਵਿਰਤ ਹੈ) ਪਰ ਨਾਮ ਸਿਮਰਨ-ਮੇਈ ਸਰਬ-ਸ੍ਰੇਸ਼ਟ ਵਿਦਿਆ ਕੇਵਲ ਉਹ ਵਡਭਾਗੇ ਮਨੁੱਖ ਹੀ ਦ੍ਰਿੜ੍ਹ ਕਰਦੇ ਹਨ ਜਿਨ੍ਹਾਂ ਉਤੇ ਵਾਹਿਗੁਰੂ ਕਿਰਪਾਲੂ ਹੋਵੇ। (ਉਹ ਵੇਦਾਂ ਦਾ ਕਰਮ-ਕਾਂਡ ਛਡ ਕੇ) ਦੇਵਣਹਾਰ ਗੁਰੂ-ਗੋਪਾਲ ਪਾਸੋਂ ਸਦਾ ਨਾਮ-ਦਾਨ ਦੀ ਹੀ ਜਾਚਨਾ ਕਰਦੇ ਹਨ।੧੪।

**ਸਾਰੰਸ਼** :–ਲੁਕਾਈ ਵੇਦਾਂ ਦੀ ਤ੍ਰਿਗੁਣੀ ਵਿਦਿਆ ਵਿਚ ਉਲਝੀ ਪਈ ਹੈ, ਪਰ ਸ੍ਰੇਸ਼ਟ ਵਿਦਿਆ ਪ੍ਰਭੂ ਦੀ ਭਗਤੀ ਹੀ ਹੈ। ਇਹ ਦ੍ਰਿੜ੍ਹਤਾ ਉਨ੍ਹਾਂ ਨੂੰ ਹੋ ਆਉਂਦੀ ਹੈ ਜਿਨ੍ਹਾਂ ਉਤੇ ਵਾਹਿਗੁਰੂ ਜੀ ਦੀ ਬਖ਼ਸ਼ਸ਼ ਹੁੰਦੀ ਹੈ। ਉਹ ਪ੍ਰਭੂ ਪਾਸੋਂ ਸਦਾ ਨਾਮ-ਦਾਨ ਦੀ ਜਾਚਨਾ ਕਰਦੇ ਰਹਿੰਦੇ ਹਨ।

**ਨਹ ਚਿੰਤਾ ਮਾਤ ਪਿਤ ਭ੍ਰਾਤਾ**
**ਨਹ ਚਿੰਤਾ ਕਛੁ ਲੋਕ ਕਹ ॥**
**ਨਹ ਚਿੰਤਾ ਬਨਿਤਾ ਸੁਤ ਮੀਤਹ**
**ਪ੍ਰਵਿਰਤਿ ਮਾਇਆ ਸਨਬੰਧਨਹ ॥**
**ਦਇਆਲ ਏਕ ਭਗਵਾਨ ਪੁਰਖਹ**
**ਨਾਨਕ ਸਰਬ ਜੀਅ ਪ੍ਰਤਿਪਾਲਕਹ ॥੧੫॥**

**ਪਦ ਅਰਥ** :–ਭ੍ਰਾਤਹ–ਭਰਾਵਾਂ ਦੀ। ਲੋਕ ਕਹ–ਲੋਕਾਂ ਦੀ। ਬਨਿਤਾ–ਪਤਨੀ। ਸੁਤ–ਪੁੱਤਰ। ਮੀਤਹ–ਮਿਤਰਾਂ ਦੀ। ਪ੍ਰਵਿਰਤਿ ਮਾਇਆ–ਜਗਤ ਵਿਚ ਪ੍ਰਵਿਰਤ ਹੋ ਰਹੀ ਮਾਇਆ। ਸਨਬੰਧਹ–ਸਨਬੰਧ। ਭਗਵਾਨ ਪੁਰਖਹ–ਪ੍ਰਭੂ ਪੁਰਖ ਜੀ। ਪ੍ਰਤਿਪਾਲਕਹ–ਪ੍ਰਤਿਪਾਲਣਹਾਰ ਪ੍ਰਤਿਪਾਲਣਾ ਕਰ ਰਹੇ ਹਨ।੧੪।

**ਅਰਥ** :–ਮਾਤਾ ਦੀ, ਪਿਤਾ ਦੀ, ਭਰਾਵਾਂ ਦੀ ਚਿੰਤਾ ਕਰਨੀ ਕਿਸੇ ਕੰਮ ਨਹੀਂ। ਲੋਕਾਂ ਦੀ ਕੁਝ ਚਿੰਤਾ ਕਰਨੀ ਵਿਅਰਥ ਹੈ। ਇਸਤ੍ਰੀ, ਪੁੱਤਰਾਂ, ਮਿੱਤਰਾਂ ਦੀ ਚਿੰਤਾ ਕਰਨੀ ਵੀ ਫ਼ਜ਼ੂਲ ਹੈ। (ਜੀਵ ਵਲੋਂ ਕਿਸੇ ਦੀ ਪ੍ਰਤਿਪਾਲਨਾ ਸੰਬੰਧੀ ਚਿੰਤਾ ਕਰਨੀ ਬੇਅਰਥ ਹੈ), (ਕਿਉਂਕਿ) ਜਿਤਨੇ ਭੀ ਸੰਸਾਰੀ ਸੰਬੰਧ ਹਨ, ਇਹ ਸਭ ਸੰਸਾਰ ਵਿਚ ਪ੍ਰਵਿਰਤ ਹੋ ਰਹੀ ਮਾਇਆ ਦੇ ਹੀ ਸਨਬੰਧ ਹਨ।



www.AKJ.Org

'ਨਾਨਕ' ! (ਅਸਲੀਅਤ ਇਹ ਹੈ ਕਿ ਕੋਈ ਮਨੁੱਖ ਕਿਸੇ ਦੀ ਪ੍ਰਤਿਪਾਲਨਾ ਨਹੀਂ ਕਰਦਾ) ਇਕ ਦਿਆਲ ਪੁਰਖ ਪ੍ਰਭੂ ਭਗਵਾਨ ਹੀ ਹੈ ਜੋ ਸਾਰੇ ਜੀਵਾਂ ਦਾ ਪ੍ਰਤਿਪਾਲਕ (ਪਾਲਨਾ ਕਰਨ ਵਾਲਾ) ਹੈ।੧੫।

**ਸਾਰੰਸ਼** :—ਨਾ ਕਰਿ ਚਿੰਤ ਚਿੰਤਾ ਹੈ ਕਰਤੇ ॥
ਹਰਿ ਦੇਵੈ ਜਲਿ ਥਲਿ ਜੰਤਾ ਸਭਤੈ ॥
ਅਚਿੰਤ ਦਾਨੁ ਦੇਇ ਪ੍ਰਭੁ ਮੇਰਾ ਵਿਚਿ ਪਾਥਰ ਕੀਟ ਪਖਾਣੀ ਹੈ ॥੬॥
[ਮਾਰੂ ਸੋਲਹੇ ਮ: ੪, ਪੰਨਾ ੧੦੭੦

**ਅਨਿਤ੍ਯ ਵਿਤੰ ਅਨਿਤ੍ਯ ਚਿਤੰ**
**ਅਨਿਤ੍ਯ ਆਸਾ ਬਹੁ ਬਿਧਿ ਪ੍ਰਕਾਰੰ ॥**
**ਅਨਿਤ੍ਯ ਹੇਤੰ ਅਹੰ ਬੰਧੰ**
**ਭਰਮ ਮਾਇਆ ਮਲਨੰ ਬਿਕਾਰੰ ॥**
**ਫਿਰੰਤ ਜੋਨਿ ਅਨਿਕ ਜਠਰਾਗਨਿ**
**ਨਹ ਸਿਮਰੰਤ ਮਲੀਣ ਬੁਧੰ੍ਯ ॥**
**ਹੇ ਗੋਬਿੰਦ ਕਰਤ ਮਇਆ**
**ਨਾਨਕ ਪਤਿਤ ਉਧਾਰਣ ਸਾਧ ਸੰਗਮਹ ॥੧੬॥**

**ਪਦ ਅਰਥ** :—ਅਨਿਤ੍ਯ-ਨਿਤ ਨਾ ਰਹਿਣ ਵਾਲਾ, ਨਾਸਵਾਨ । ਵਿਤੰ—ਧਨ । ਚਿਤੰ—ਚਿਤਵਣੀਆਂ ਕਰਨ ਵਾਲਾ ਚਿਤ। ਬਹੁ ਬਿਧਿ ਪ੍ਰਕਾਰੰ—ਕਈ ਤਰ੍ਹਾਂ ਦੀਆਂ । ਹੇਤੰ—ਹੇਤ, ਮੋਹ । ਅਹੰ—ਹੰਕਾਰ । ਬੰਧੰ—ਬੰਧਨ । ਭਰਮ—ਭਟਕਣਾਂ । ਮਲਨੰ—ਮਲੀਨਤਾ । ਬਿਕਾਰੰ—ਬਿਕਾਰ, ਪਾਪ । ਫਿਰੰਤ—ਫਿਰਦੇ ਹਨ । ਜਠਰਾਗਨਿ—ਜਠਰ ਦੀ ਅਗਨੀ ਵਿਚ, ਪੇਟ ਦੀ ਅਗਨੀ ਵਿਚ । ਨਹ ਸਿਮਰੰਤ—ਨਹੀਂ ਸਿਮਰਦੇ । ਮਲੀਣ ਬੁਧੰ੍ਯ—ਮਾਇਆ ਨਾਲ ਲਿਬੜੀ ਹੋਈ ਬੁਧੀ ਵਾਲੇ ਜੀਵ । ਕਰਤ ਮਇਆ—(ਜਿਸ ਤੇ) ਕਿਰਪਾ ਕਰਦੇ ਹੋ । ਪਤਿਤ ਉਧਾਰਣ—ਪਤਿਤਾਂ ਨੂੰ ਉਧਾਰਨ ਵਾਲੀ । ਸਾਧ ਸੰਗਮਹ—ਸਾਧਾਂ ਦੀ ਸੰਗਤ, ਸਤਸੰਗਤ ।੧੬।

**ਅਰਥ** :—ਧਨ ਸਦਾ ਰਹਿਣ ਵਾਲਾ ਨਹੀਂ, ਮਾਇਆ ਨਾਲ ਲਿਪਟਿਆ ਹੋਇਆ ਚਿਤ ਵੀ ਸਥਿਰ ਨਹੀਂ ਰਹਿੰਦਾ । ਮਾਇਆ ਵਾਸਤੇ ਕਈ ਪ੍ਰਕਾਰ ਦੀ ਆਸ ਬੰਨ੍ਹਣੀ ਫ਼ਜ਼ੂਲ ਹੈ । ਮਾਇਆ ਦਾ ਮੋਹ ਅਨਿਤ ਹੈ । ਤੇ ਇਸ ਦਾ ਹੰਕਾਰ ਜੀਵਨ ਲਈ ਬੰਧਨ ਰੂਪ ਹੈ । ਇਹ ਛਲ ਰੂਪ ਮਾਇਆ ਮਲੀਨਤਾ ਤੇ ਵਿਕਾਰਾਂ ਦਾ ਮੂਲ ਕਾਰਨ ਹੈ । ਮਾਇਆ ਨਾਲ ਮਲੀਨ ਹੋਈ ਬੁਧੀ ਵਾਲੇ ਜੀਵ ਪ੍ਰਭੂ ਨੂੰ ਨਹੀਂ ਸਿਮਰਦੇ, ਜੂਨਾਂ ਵਿਚ ਭਟਕਦੇ ਹੋਏ ਮੁੜ ਮੁੜ ਗਰਭ-ਅਗਨ ਦਾ ਕਸ਼ਟ ਝਲਦੇ ਹਨ ।

ਸਲੋਕ ਦੇ ਅੰਤ ਵਿਚ 'ਨਾਨਕ' ਨਾਮ ਦੀ ਛਾਪ ਲਾ ਕੇ ਬੇਨਤੀ ਕਰਦੇ ਹਨ, ਹੇ ਗੋਬਿੰਦ ਜੀ ! ਜਿਸ ਤੇ ਤੁਸੀਂ ਕਿਰਪਾ ਕਰਦੇ ਹੋ ਉਸ ਨੂੰ ਤੁਸੀਂ, ਪਤਿਤਾਂ ਦਾ ਉਧਾਰ ਕਰ ਦੇਣ ਵਾਲੀ ਸਾਧ ਸੰਗਤ ਵਿਚ ਵਾਸਾ ਬਖਸ਼ਦੇ ਹੋ ।੧੬।

**ਸਾਰੰਸ਼** :—ਮਾਇਆ ਵਿਕਾਰਾਂ ਦਾ ਮੂਲ ਹੈ । ਮਾਇਆ ਦੇ ਲਾਲਚ ਵਿਚ ਪਿਆ ਜੀਵ, ਵਾਹਿਗੁਰੂ ਨੂੰ ਵਿਸਾਰ ਕੇ, ਜੂਨਾਂ ਵਿਚ ਭਟਕਦਾ ਰਹਿੰਦਾ ਹੈ । ਵਾਹਿਗੁਰੂ ਦੀ ਬਖਸ਼ਸ਼ ਹੋਵੇ ਤਾਂ ਸਾਧ ਸੰਗਤਿ ਮਿਲਦੀ ਹੈ,ਜਿਥੇ ਪਤਿਤਾਂ ਦਾ ਭੀ ਉਧਾਰ ਹੋ ਜਾਂਦਾ ਹੈ ।

---

## ਪਿੰਡ ਝਾਂਡੇ (ਲੁਧਿਆਣਾ) ਵਿਖੇ ਕੀਰਤਨ ਪ੍ਰੋਗਰਾਮ

ਡਾਕਟਰ ਗੁਰਚਰਨ ਸਿੰਘ ਪਿੰਡ ਝਾਂਡੇ, ਡਾਕਘਰ ਬਦੋਵਾਲ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਹਿ ਵਿਖੇ ੨੪ ਮਈ ਐਤਵਾਰ ਨੂੰ ਸਵੇਰੇ ਅਖੰਡ ਕੀਰਤਨ ਅਤੇ ਸਹਿਜਪਾਠ ਦੇ ਭੋਗ ਪੈਣਗੇ । ਸੰਗਤਾਂ ਉਨ੍ਹਾਂ ਨੂੰ ਦਰਸ਼ਨ ਦੇ ਕੇ ਨਿਵਾਜਣ ।



www.AKJ.Org

# ਦਾਸੀ ਤੁਲਸਾਂ ਤੇ ਭਾਈ ਮਨਸੁਖ

[ਵਲੋਂ—ਬੀਬੀ ਦਲਜੀਤ ਕੌਰ ਜੀ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ]

(੧)

ਜਦ ਕਮਲ ਬਦਨ ਸ੍ਰੀ ਗੁਰੂ ਨਾਨਕ ਦੇਵ ਜੀ ਇਕ ਦਿਨ ਆਪਣੇ ਘਰ ਆਰਾਮ ਕਰ ਰਹੇ ਸਨ ਤਾਂ ਉਸ ਵਕਤ ਪਰਸ਼ਾਦਾ ਤਿਆਰ ਹੋਇਆ ਜਾਣ ਕੇ ਮਾਤਾ ਤ੍ਰਿਪਤਾ ਜੀ ਨੇ ਦਾਸੀ ਤੁਲਸਾਂ ਨੂੰ ਬੁਲਾ ਕੇ ਕਿਹਾ ਕਿ ਨਾਨਕ ਜੀ ਨੂੰ ਜਗਾ ਕੇ ਲੈ ਆ, ਤਾਂ ਜੁ ਤਿਆਰ ਹੋਇਆ ਭੋਜਨ ਠੰਡਾ ਨਾ ਹੋ ਜਾਵੇ। ਜਿਥੇ ਗੁਣਾਂ ਦੀ ਖਾਣ ਸਤਿਗੁਰੂ ਜੀ ਬਿਰਾਜ ਰਹੇ ਸਨ, ਦਾਸੀ ਉਥੇ ਪਹੁੰਚੀ। ਹਿਰਦੇ ਵਿਚ ਜਗਾਵਣ ਦੀ ਤਾਂਘ ਸੀ ਪਰ ਸੋਝੀਵਾਨ ਸੀ, ਇਸ ਲਈ ਅਵਾਜ਼ ਦੇਣੀ ਠੀਕ ਨ ਸਮਝੀ। ਦਾਸੀ ਨੇ ਮਹਾਰਾਜ ਜੀ ਦੇ ਜੋ ਚਰਨ ਕਪੜੇ ਤੋਂ ਬਾਹਰ ਦਿਸ ਰਹੇ ਸਨ, ਉਨ੍ਹਾਂ ਨੂੰ ਹੱਥਾਂ ਨਾਲ ਪਰਸਣ ਦੀ ਥਾਂ ਰਸਨਾ ਨਾਲ ਚਟਣਾ ਸ਼ੁਰੂ ਕਰ ਦਿਤਾ। ਓਹ ਪਰਮ ਪ੍ਰੇਮ ਵਿਚ ਭਿਜੀ ਹੋਈ ਦਾਸੀ ਕਿਤਨੇ ਵਡੇ ਭਾਗਾਂ ਵਾਲੀ ਹੋਈ ਜਿਸਨੂੰ ਇਹ ਸੇਵਾ ਕਰਨ ਦੀ ਇਸ ਤਰ੍ਹਾਂ ਸੋਝੀ ਹੋਈ।

ਰਸਨਾ ਦੇ ਪਰਸਣ ਦੀ ਦੇਰੀ ਸੀ ਕਿ ਮਾਨੋ ਤਿੰਨਾਂ ਲੋਕਾਂ ਦੀ ਸੋਝੀ ਹੋ ਗਈ, ਜੰਗਲ ਪਹਾੜ ਸਮੁੰਦਰਾਂ ਦੇ ਨਜ਼ਾਰੇ ਦਿਸਣ ਲਗੇ। ਤਾਂ ਕੀ ਦੇਖਦੀ ਹੈ ਕਿ ਲਾਹੌਰ ਦੇ ਰਹਿਣ ਵਾਲੇ ਭਾਈ ਮਨਸੁਖ ਦਾ ਜਹਾਜ਼ ਸਮੁੰਦਰ ਵਿਚ ਡਾਵਾਂ ਡੋਲ ਹੋਣ ਲਗਾ ਹੈ। ਤੇ ਉਹ ਸਿਮਰਨ ਕਰਨ ਲਗਾ ਹੋਇਆ ਹੈ। ਹੇ ਸਤਿਗੁਰੂ ਜੀ! ਪੂਰਨ ਅਵਤਾਰ, ਪ੍ਰਮੇਸ੍ਵਰ ਸਰੂਪ ਅਤੇ ਦੀਨ ਦੁਖੀਆਂ ਦੇ ਸਹਾਈ ਸਤਿਗੁਰੂ ਜੀ!! ਸਹਾਈ ਹੋਵੋ। ਸਤਿਗੁਰੂ ਜੀ ਆਪਣੇ ਸੇਵਕ ਦੀ ਇਹ ਅਰਦਾਸ ਸੁਣ ਕੇ ਸਮੁੰਦਰ ਵਿਚ ਉਸ ਦਾ ਜਹਾਜ਼ ਕਢ ਰਹੇ ਤੇ ਕਿਨਾਰੇ ਲਾ ਰਹੇ ਹਨ।

ਦਾਸੀ ਇਹ ਕੌਤਕ ਵੇਖ ਕੇ ਵਾਪਸ ਆ ਗਈ ਤੇ ਮਾਤਾ ਜੀ ਨੂੰ ਬੇਨਤੀ ਕੀਤੀ ਕਿ ਮੈਂ ਸਤਿਗੁਰੂ ਜੀ ਨੂੰ ਨਹੀਂ ਜਗਾਇਆ, ਕਿਉਂਕਿ ਉਹ ਸਿਖ ਦੇ ਜਹਾਜ਼ ਨੂੰ ਪਾਰ ਕਰ ਰਹੇ ਹਨ। ਜਦੋਂ ਪਾਰ ਕਰ ਲੈਣਗੇ ਓਦੋਂ ਜਗਾ ਲਿਆਵਾਂਗੀ। ਮੈਂ ਝੂਠ ਨਹੀਂ ਕਹਿ ਰਹੀ, ਸਚ ਕਹਿ ਰਹੀ ਹਾਂ।

ਮਾਤਾ ਜੀ ਸੁਣ ਕੇ ਕੁਛ ਰੋਹ ਵਿਚ ਆ ਗਏ ਅਤੇ ਆਪ ਜਗਾਣ ਚਲੇ ਗਏ। ਜਗਾ ਕੇ ਲਿਆਂਦਾ ਅਤੇ ਆਪਣੇ ਹੱਥਾਂ ਨਾਲ ਸਪੁੱਤਰ ਜੀ ਨੂੰ ਭੋਜਨ ਛਕਾਇਆ। ਪਿਛੋਂ ਕਹਿਣ ਲਗੇ ਕਿ ਪੁੱਤਰ ਜੀ, ਦਾਸੀ ਵੀ ਮੈਨੂੰ ਟਿਚਕਰਾਂ ਕਰਦੀ ਹੈ ਤੇ ਕਹਿੰਦੀ ਹੈ ਕਿ ਸਿਖ ਦਾ ਜਹਾਜ਼ ਲੰਘਾ ਰਹੇ ਹਨ, ਇਸ ਲਈ ਮੈਂ ਨਹੀਂ ਜਗਾ ਕੇ ਲਿਆਈ। ਮਾਤਾ ਜੀ ਦੇ ਬਚਨ ਸੁਣ ਕੇ ਜਗਤ-ਸੁਆਮੀ ਕਹਿਣ ਲਗੇ, ਇਸ ਕਮਲੀ ਝਮਲੀ ਦੇ ਬਚਨ ਤੁਸੀਂ ਨਾ ਮੰਨੋ। ਇਸ ਤਰ੍ਹਾਂ ਇਹ ਕਹਿ ਕੇ ਜੰਗਲ ਦੀ ਇਕਾਂਤ ਵਿਚ ਚਲੇ ਗਏ। ਓਹ ਦਾਸੀ ਮਸਤਾਨੀ ਹੋ ਗਈ, ਦੁਨੀਆ ਤੋਂ ਉਪਰਾਮ ਹੋ ਕੇ ਆਪਣੇ ਨਿਜ ਸਰੂਪ ਵਿਚ ਜੁੜ ਗਈ। ਜਦੋਂ ਤਕ ਇਸ ਪੰਜ-ਭੂਤਕ ਸਰੀਰ ਵਿਚ ਰਹੀ, ਇਸੇ ਹਾਲਤ ਵਿਚ ਨਿਮਗਨ ਰਹੀ ਅਤੇ ਅੰਤ ਨੂੰ ਹਰੀ ਚਰਨਾਂ ਵਿਚ ਜਾ ਬਿਰਾਜੀ।

"ਸੁਨਹੁ ਪੁਤ੍ਰ ਲਖਿ ਦਸ਼ਾ ਤੁਮਾਰੀ। ਦਾਸੀ ਭੀ ਮੁਝ ਹਸੀ ਉਚਾਰੀ।"
ਕਹੈ ਕਿ ਕਰਹਿ ਜਹਾਜ ਲੰਘਾਵਨ। ਨਹਿ ਯਾਂ ਤੇ ਮੈਂ ਕਰੋ ਜਗਾਵਨ।
ਮਾਤ ਬਚਨ ਸੁਨ ਕਰ ਜਗ ਸ੍ਵਾਮੀ। ਬੋਲੇ ਮੁਖ ਤੇ ਅੰਤਰਜਾਮੀ।
"ਕਮਲੀ ਝਮਲੀ ਕੇ ਬਚ ਐਸੇ। ਇਸ ਕੇ ਕਹੇ ਨ ਮਾਨਹੁ ਕੈਸੇ।"
ਅਸ ਕਹਿ ਕਰ ਗਮਨੇ ਉਦਿਆਨਾ। ਬੈਸੇ ਜਾਇ ਇਕੰਤ ਸਥਾਨਾ।
ਸੋ ਦਾਸੀ ਬਚ ਕਹਿਨ ਕਰ ਕੈ। ਭੀ ਕਮਲੀ, ਸੁਧਿ ਗਈ ਬਿਸਰਿ ਕੈ।



www.AKJ.Org

ਜੀਵਤ ਰਹੀ ਜਗਤ ਮਹਿ ਜਾਵਦ। ਨਹਿ ਆਈ ਸੁਧਿ ਤਿਹ ਕੋ ਤਾਵਦ।
ਜਬ ਹੀ ਤਯਾਗਯੋ ਭੂਤਕ ਦੇਹਾ। ਭਈ ਮੁਕਤਿ ਗਵਨੀ ਹਰਿ ਗ੍ਰੇਹਾ।

–ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੰਨਾ ੪੯੧–੯੩

(੨)

ਭਾਈ ਮਨਸੁਖ ਜੀ ਸੰਗਲਾਦੀਪ ਟਾਪੂ ਦੇ ਪ੍ਰਸਿਧ ਨਗਰ ਵਿਚ ਵਪਾਰ ਕਰਨ ਲਈ ਪਹੁੰਚੇ ਅਤੇ ਇਕ ਚੰਗੀ ਤੇ ਸੁਖਦਾਈ ਜਗ੍ਹਾ ਦੇਖ ਕੇ ਜਾ ਡੇਰਾ ਲਾਇਆ। ਇਹ ਸ਼ਹਿਰ ਬਹੁਤ ਸੁੰਦਰ ਅਤੇ ਰੌਣਕੀਲਾ ਸੀ। ਇਥੋਂ ਦੇ ਰਾਜੇ ਦਾ ਨਾਂ ਸ਼ਿਵਨਾਭ ਸੀ। ਇਹ ਆਪ ਕਰਮ ਕਾਂਡੀ ਸੀ ਅਤੇ ਉਸ ਦੀ ਪਰਜਾ ਵੀ। ਸਾਲ-ਗਰਾਮ ਦੀ ਪੂਜਾ ਅਤੇ ਇਕਾਦਸ਼ੀ ਆਦਿਕ ਵਰਤ ਰਖਣੇ ਬਹੁਤ ਪੁੰਨ ਅਤੇ ਪਵਿਤਰ ਮੰਨਦਾ ਸੀ। ਇਕਾਦਸ਼ੀ ਵਾਲੇ ਦਿਨ ਸੂਰਜ ਚੜ੍ਹੇ ਇਸ਼ਨਾਨ ਕਰਨਾ, ਤਿਲਕ ਲਾਉਣਾ ਅਤੇ ਉਸ ਦਿਨ ਕਿਸੇ ਨੇ ਅੰਨ ਆਦਿਕ ਕੁਛ ਨਹੀਂ ਖਾਣਾ।

ਇਧਰ ਗੁਰਸਿਖੀ ਰੀਤ ਦੇ ਪੂਰਨ ਧਾਰਨੀ ਭਾਈ ਮਨਸੁਖ ਜੀ ਸਵਾ ਪਹਿਰ ਰਾਤ ਰਹਿੰਦੀ ਉਠ ਕੇ ਇਸ਼ਨਾਨ ਕਰਦੇ, ਇਕ-ਮਨ ਹੋ ਕੇ ਸਿਮਰਨ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਦੇ ਲਿਖੇ ਹੋਏ ਸ਼ਬਦਾਂ ਦਾ ਪ੍ਰੇਮ ਨਾਲ ਪਾਠ ਕਰਦੇ, ਦਿਨ ਚੜ੍ਹੇ ਪੰਚਾਮ੍ਰਿਤ (ਦੇਗ) ਤਿਆਰ ਕਰ ਕੇ ਅਰਦਾਸ ਕਰਦੇ ਅਤੇ ਵੰਡਣ ਤੋਂ ਬਾਅਦ ਆਪ ਛਕਦੇ। ਅਤੇ ਅੰਮ੍ਰਿਤ ਵੇਲੇ ਦੀ ਇਸ ਸਾਰੀ ਕਿਰਿਆ ਤੋਂ ਬਾਅਦ ਉਹ ਆਪਣੇ ਵਪਾਰ-ਕਾਰ ਨੂੰ ਜਾਂਦੇ। ਅੰਮ੍ਰਿਤ ਵੇਲੇ ਵਾਂਗ ਸ਼ਾਮ ਨੂੰ ਵੀ ਨਾਮ-ਬਾਣੀ ਵਿਚ ਜੁੜ ਬੈਠਦੇ ਸਨ। ਇਹ ਵੇਖ ਕੇ ਲੋਕੀਂ ਬੜੀ ਖੁਣਸ ਖਾਂਦੇ ਅਤੇ ਇਕ ਦੂਜੇ ਨਾਲ ਗੱਲਾਂ ਕਰਦੇ ਅਤੇ ਨਿੰਦਦੇ ਕਿ ਆਪਣੇ ਧਰਮ ਦੀ ਪੂਜਾ ਪਾਠ ਛਡ ਕੇ ਪਤਾ ਨਹੀਂ ਇਹ ਕੀ ਪੜ੍ਹਦਾ ਤੇ ਕੀ ਕਰਦਾ ਰਹਿੰਦਾ ਹੈ। ਇਹ ਗੱਲ ਹੁੰਦੀ ਹੁੰਦੀ ਰਾਜੇ ਤਕ ਜਾ ਪਹੁੰਚੀ ਕਿ–

ਹਿੰਦੂ ਕਹਾਵੈ ਧਰਮ ਬਿਹੀਨਾ। ਪੂਜਾ ਬ੍ਰਤ ਨੇਮ ਤੇ ਖੀਨਾ।
ਸਾਲਗਰਾਮ ਨ ਸੇਵਾ ਕਰਹੀ। ਮਸਤਕਿ ਵਿਖੈ ਤਿਲਕ ਨਹਿ ਧਰਹੀ।
ਸਗਰੇ ਨਗਰ ਵਿਖੇ ਸੁਧ ਹੋਈ। ਧਰਮ ਭ੍ਰਿਸ਼ਟਿ ਇਹ ਬਨੀਆ ਕੋਈ।
ਭੂਪਤਿ ਕੇ ਢਿਗ ਜਾਇ ਸੁਨਾਯੋ। ਸਿੰਧੁ ਪਾਰ ਤੇ ਸ਼ਾਹ ਇਕ ਆਯੋ।
ਹਿੰਦੂ ਧਰਮ ਨ ਕੋ ਤਿਹ ਮਾਂਹੀ। ਜਗ ਤੇ ਨਈ ਰੀਤਿ ਕੋ ਰਾਹੀ।

ਇਹ ਸੁਣ ਕੇ ਰਾਜੇ ਨੇ ਆਪਣਾ ਇਕ ਹਲਕਾਰਾ ਭੇਜ ਕੇ ਭਾਈ ਮਨਸੁਖ ਨੂੰ ਬੁਲਾਇਆ। ਭਾਈ ਸਾਹਿਬ ਉਸ ਵਕਤ ਦੀ ਮਰਯਾਦਾ ਅਨੁਸਾਰ ਇਕ ਰੁਪਿਆ ਅਤੇ ਨਾਰੀਅਲ ਰਾਜੇ ਅਗੇ ਰਖ ਕੇ, ਧੰਨ ਗੁਰੂ ਨਾਨਕ ਜੀ ਕਹਿ ਕੇ ਬੈਠ ਗਏ। ਰਾਜੇ ਪੁਛਿਆ, ਸ਼ਾਹ ਜੀ, ਹਿੰਦੂ ਧਰਮ ਨੂੰ ਛਡ ਕੇ ਇਹ ਨਵੀਂ ਰੀਤ ਆਪ ਜੀ ਨੇ ਕਿਥੋਂ ਅਤੇ ਕਿਉਂ ਲਈ ਹੈ ? ਤਾਂ ਭਾਈ ਮਨਸੁਖ ਜੀ ਕਹਿਣ ਲਗੇ–

ਇਹ ਸੰਸਾਰ ਇਕ ਬ੍ਰਿਛ ਦੀ ਨਿਆਈਂ ਹੈ, ਜਿਸਦੀ ਚੋਟੀ ਉਤੇ ਮੁਕਤੀ ਫਲ ਹੈ। ਇਸ ਮੁਕਤੀ ਨੂੰ ਲੈਣ ਲਈ ਦੋ ਰਸਤੇ ਹਨ–ਇਹ ਗੱਲ ਸਾਰੇ ਮਹਾਂ ਪੁਰਸ਼ ਤੇ ਗ੍ਰੰਥ ਦਸਦੇ ਹਨ ਕਿ ਇਕ ਪੰਛੀ ਦੀ ਰੀਤ ਦਾ ਰਸਤਾ, ਦੂਜਾ ਕੀੜੀ ਦੀ ਨਿਆਈਂ ਚਲਣ ਵਾਲਾ ਰਸਤਾ। ਜਿਨ੍ਹਾਂ ਨੂੰ ਕਿਰਪਾਲੂ ਅਤੇ ਪੂਰਾ ਸਤਿਗੁਰੂ ਮਿਲ ਪੈਂਦਾ ਹੈ, ਓਹ ਨਿਰੰਤਰ ਪ੍ਰੀਤੀ ਸਹਿਤ ਇਸ ਪੰਛੀ ਵਾਲੇ ਰਸਤੇ ਤੇ ਉਡਦੇ ਹਨ ਅਤੇ ਛੇਤੀ ਪਹੁੰਚ ਜਾਂਦੇ ਹਨ। ਜਿਨ੍ਹਾਂ ਨੂੰ ਪੂਰੇ ਸਤਿਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ, ਓਹ ਕੀੜੀ ਵਾਲੇ ਰਸਤੇ ਤੁਰਦੇ ਹਨ। ਉਹ ਡਿਗਦੇ ਢਹਿੰਦੇ ਰਹਿੰਦੇ ਹਨ ਤੇ ਇਸ ਫਲ ਦੀ ਪ੍ਰਾਪਤੀ ਵੀ ਨਹੀਂ ਹੁੰਦੀ। ਤੁਸੀਂ ਪੰਦਰ੍ਹਵੇਂ ਦਿਨ ਬਰਤ ਰਖ ਕੇ ਸੰਜਮ ਕਰਦੇ ਹੋ, ਪਰ ਪਰਮੇਸ਼ਰ ਦੇ ਸੰਤ ਸਦਾ ਇਸ ਸੰਜਮ ਵਿਚ ਰਹਿੰਦੇ ਹਨ। ਉਹ ਸਾਤਵਿਕ ਬ੍ਰਿਤੀ ਵਿਚ ਰਹਿ ਕੇ, ਮਨ ਨੂੰ ਨੀਵਾਂ ਰਖ ਕੇ, ਸਦਾ ਹੀ ਥੋੜਾ ਖਾਣਾ, ਥੋੜਾ ਸੌਣਾ, ਥੋੜਾ ਬੋਲਣਾ ਕਰਦੇ ਹਨ। ਇਸ


www.AKJ.Org

ਨਾਲ ਮਨ ਤੇ ਕਾਬੂ ਰਹਿੰਦਾ ਹੈ। ਅਤੇ ਕਾਮ ਕ੍ਰੋਧ ਆਦਿਕ ਦਾ ਜ਼ੋਰ ਨਹੀਂ ਪੈਂਦਾ। ਤੁਹਾਡੀ ਇਕਾਦਸ਼ੀ ਪੰਦਰ੍ਹਵੇਂ ਦਿਨ ਤੇ ਸਤ-ਪੁਰਸ਼ਾਂ ਦੀ ਰੋਜ਼ ਹੈ। ਤੁਸੀਂ ਦਿਨ ਚੜ੍ਹੇ ਇਸ਼ਨਾਨ ਕਰਦੇ ਹੋ, ਸਿਖ ਸਵਾ ਪਹਿਰ ਰਾਤ ਰਹਿੰਦੀ ਤੇ ਕਰਦਾ ਹੈ। ਸਿਖੀ ਦਾ ਇਹ ਪਹਿਲਾ ਨੀਯਮ ਹੈ। ਸਵਾ ਪਹਿਰ ਰਾਤ ਰਹਿੰਦੀ ਤੇ ਇਸ਼ਨਾਨ ਕਰਨਾ ਅਤਿ ਉਤਮ ਰੀਤ ਹੈ। ਪਿਛਲੀ ਰਾਤ ਦਾ ਜਾਗਣਾ ਅਤੇ ਸਿਮਰਨ ਦੀ ਮਹਿਮਾ ਕਥਨ ਤੋਂ ਪਰੇ ਹੈ। ਜਿਸ ਪੱਥਰ ਦੀ ਪੂਜਾ ਤੁਸੀਂ ਕਰਦੇ ਹੋ, ਨਾ ਓਹ ਕੁਛ ਖਾਂਦਾ ਪੀਂਦਾ ਹੈ ਨਾ ਉਪਦੇਸ਼ ਦਿੰਦਾ ਹੈ, ਉਸ ਤੋਂ ਤੁਹਾਨੂੰ ਕੀ ਲਾਭ ? ਤੁਸੀਂ ਪੂਰੇ ਸਤਿਗੁਰੂ ਦੀ ਸੇਵਾ ਕਰੋ।

ਇਹ ਬਚਨ ਰਾਜੇ ਦੇ ਕਲੇਜੇ ਨੂੰ ਵਿੰਨ੍ਹਦੇ ਗਏ। ਉਸ ਦੇ ਪੂਰਬਲੇ ਕਰਮ ਜਾਗਣ ਦੇ ਦਿਨ ਆ ਪਹੁੰਚੇ, ਪੂਰਨ ਪੁਰਖ ਦੇ ਮਿਲਾਪ ਹੋਣ ਦਾ ਸਮਾਂ ਨੇੜੇ ਆ ਢੁਕਿਆ। ਰਾਜੇ ਤੇ ਇਕ ਬੈਰਾਗ-ਅਵਸਥਾ ਤਾਰੀ ਹੋ ਗਈ। ਰਾਜਾ ਕਹਿਣ ਲਗਾ ਕਿ ਜੋ ਤੂੰ ਗੁਰੂ ਦੇ ਸ਼ਬਦ ਪੜ੍ਹਦਾ ਹੈਂ, ਉਹ ਮੈਨੂੰ ਸੁਣਾ। ਭਾਈ ਮਨਸੁਖ ਨੇ ਸ਼ਬਦ ਪੜ੍ਹ ਕੇ ਸੁਣਾਏ ਤਾਂ ਸੁਣ ਕੇ ਰਾਜਾ ਨਿਹਾਲ ਹੋਇਆ। ਸਤਿਗੁਰਾਂ ਦੀ ਬਾਣੀ ਮਾਨੋ ਸੂਰਜ ਦੀ ਨਿਆਈਂ ਉਸ ਦੇ ਅਗਿਆਨ ਦੇ ਅੰਧੇਰੇ ਨੂੰ ਕਟ ਗਈ, ਹਿਰਦਾ ਸੁਧ ਹੋ ਗਿਆ, ਗਦ ਗਦ ਹੋ ਗਿਆ। ਪ੍ਰੇਮ ਵਿਚ ਮੁਗਧ ਹੋਇਆ ਨੇਤ੍ਰਾਂ ਵਿਚੋਂ ਉਮੰਗ ਦਾ ਨੀਰ ਵਗਣ ਲਗਾ। ਦਰਸ਼ਨਾਂ ਦੀ ਤਾਂਘ ਵਿਚ ਲਗ ਗਿਆ।

ਸੁਨਿ ਸ੍ਰੀ ਗੁਰੁ ਕੇ ਬਚਨ ਅਨੂਪਾ। ਮਨਸੁਖ ਸੋ ਬੋਲਯੋ ਤਬ ਭੂਪਾ।
ਮੁਝ ਕੋ ਦਰਸਨ ਦੇਹੁ ਕਰਾਈ। ਕਰਿ ਉਪਕਾਰ ਦੀਨ ਕੀ ਨਿਆਈ।
ਜਿਸ ਪਰਕਾਰ ਸ੍ਰੀ ਨਾਨਕ ਪੂਰਨ। ਮਿਲਹਿ, ਉਪਾਇ ਕਰਹੁ ਸੋ ਤੂਰਨ।
ਗਵਨੋਂ ਮੈ ਅਬ ਤੁਮਰੇ ਸੰਗਾ। ਤਜਿ ਕਰ ਦੇਸ਼ ਰਾਜ ਸਰਬੰਗਾ।
ਕਰਿ ਕੈ ਦਰਸਨ ਭਰਮ ਮਿਟਾਵੋਂ। ਲੇ ਉਪਦੇਸ਼ ਪਰਮ ਪਦ ਪਾਵੋਂ।
ਜਿਨ ਕੇ ਬਚਨ ਚੁਭੇ ਮਨ ਮੇਰੇ। ਸ਼ਾਂਤਿ ਨ ਆਵੈ ਬਿਨੁ ਅਬ ਹੇਰੇ।
ਬਨਜ ਨਿਕਟ ਹੈ ਤੁਮਰੋ ਜੇਤੋ। ਸੌਦਾ ਕਰਹੁ ਸਦਨ ਮਮ ਤੇਤੋ।
ਗਮਨਹੁ ਪੁਨ ਨਹਿ ਬਿਲਮ ਲਗਾਵਹੁ। ਜਹ ਸ੍ਰੀ ਨਾਨਕ ਤਹਿ ਪਹੁੰਚਾਵਹੁ।

—ਸ੍ਰੀ ਗੁਰੁ ਨਾਨਕ ਪ੍ਰਕਾਸ਼, ਪੰਨਾ ੪੯੪–੯੮

ਰਾਜਾ, ਰਾਜ ਭਾਗ ਛਡ ਕੇ ਦਰਸ਼ਨਾਂ ਲਈ, ਅਤੇ ਤੜਪ ਮਿਟਾਉਣ ਲਈ ਉਤਾਵਲਾ ਹੋ ਰਿਹਾ ਹੈ। ਭਾਈ ਮਨਸੁਖ ਜੀ ਕਹਿਣ ਲਗੇ, ਇਸ ਤਰ੍ਹਾਂ ਦਰਸ਼ਨ ਕਰਨ ਲਈ ਬਹੁਤਾ ਸਮਾਂ ਲਗੇਗਾ। ਪ੍ਰੇਮ ਨਾਲ ਅਰਾਧਨਾ ਕਰੋ, ਇਥੇ ਹੀ ਆਪ ਦੀ ਪ੍ਰੇਮ-ਭਾਵਨਾ ਅਨੁਸਾਰ ਛੇਤੀ ਹੀ ਦਰਸ਼ਨ ਹੋ ਜਾਣਗੇ। (ਬਾਕੀ ਫਿਰ)

## ਸ਼ਹੀਦਾਂ ਦੇ ਨਮਿਤ ਸ੍ਰੀ ਅੰਮ੍ਰਿਤਸਰ ਵਿਖੇ ਮਾਸਕ ਰੈਣ ਸਬਾਈ

ਵੈਸਾਖੀ 1978 ਦੇ ਸ਼ਹੀਦਾਂ ਦੀ ਯਾਦ ਵਿਚ ਸ਼ਹੀਦਾਂ ਦੇ ਸਸਕਾਰ ਅਸਥਾਨ ਵਿਖੇ ਗੁਰਦਵਾਰਾ ਰਾਮਸਰ ਸਾਹਿਬ ਦੇ ਸਾਹਮਣੇ 16 ਮਈ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

## ਗੁਰਦਵਾਰਾ ਬਾਬਾ ਫਰੀਦ ਜੀ ਫਰੀਦਕੋਟ ਵਿਖੇ ਰੈਣ ਸਬਾਈ ਕੀਰਤਨ

ਸ: ਸਤਨਾਮ ਸਿੰਘ ਡੈਅਰੀ ਵਿਕਾਸ ਅਫਸਰ ਸੂਚਤ ਕਰਦੇ ਹਨ ਕਿ ਫਰੀਦਕੋਟ ਦੇ ਗੁਰਦਵਾਰ- ਫਰੀਦ ਜੀ ਵਿਖੇ 13 ਮਈ ਸ਼ਨੀਵਾਰ ਦੀ ਰਾਤ ਨੂੰ ਅਖੰਡ ਕੀਰਤਨੀ ਜਥਿਆਂ ਵਲੋਂ ਰੈਣ ਸਬਾਈ ਕੀਰਤਨ ਹ ਰਹੇ ਹਨ। ਸੰਗਤਾਂ ਪੁਜ ਕੇ ਲਾਭ ਪ੍ਰਾਪਤ ਕਰਨ।


www.AKJ.Org

# ਭੁਲਾਇਆ ਨਾ ਕਰ

[ਆਤਮਾ ਦੀਆਂ ਮਨ ਨਾਲ ਕੁਝ ਗੱਲਾਂ]

[ਵਲੋਂ–ਮਾਸਟਰ ਮਾਘ ਸਿੰਘ ਜੀ 'ਪਿਆਰ', ਬੈਂਕੋਕ ਵਾਲੇ]

ਦੁਨੀਆ ਦੇ ਭੁਲ ਭੁਲੱਈਆਂ ਦੇ ਪਾਂਧੀ, ਭੁਲਾਂ ਦੇ ਰਾਹੀਂ ਤੂੰ ਜਾਇਆ ਨ ਕਰ।
ਮੰਨਿਆ ਤੂੰ ਤਾਰੂ ਸਿਆਣਾ ਹੈਂ ਭਾਰਾ, ਵਿਕਾਰਾਂ ਦੇ ਸਾਗਰ ਤੂੰ ਨ੍ਹਾਇਆ ਨ ਕਰ।
ਮਾਇਆ ਦੇ ਮੰਦਰ 'ਚ ਮੋਹ ਦੀ ਹੈ ਮੂਰਤ, ਏਥੇ ਤੂੰ ਮੱਥੇ ਘਸਾਇਆ ਨਾ ਕਰ।
ਦਵਾਰਾਂ ਤੇ ਇਹਦੇ ਨੇ ਲਾਲਚ ਦੇ ਤੋਦੇ, ਤੂੰ ਹਿਰਸਾਂ ਦੀ ਜੋਤੀ ਜਗਾਇਆ ਨ ਕਰ।
ਹਉਮੈ ਹੰਕਾਰਾਂ ਦੇ ਨਾਗਾਂ ਨਾ ਪਾਲੀਂ, ਤੇ ਘਿਰਣਾ ਦੇ ਨੱਕ ਚੜ੍ਹਾਇਆ ਨ ਕਰ।
ਕਰ ਕਰ ਸੋਹਣੀ ਸੁਕਿਰਤੀ ਤੂੰ ਜੀਵੀਂ, ਅਹਿਰਿਖਵਾਦ ਵਧਾਇਆ ਨਾ ਕਰ।
ਜੋਬਨ ਦੇ ਜਾਦੂ ਤੇ ਹੁਸਨਾਂ ਦੇ ਪੇਚੇ, ਤੂੰ ਹੱਸ ਹੱਸ ਗਲਾਂ ਵਿਚ ਪਾਇਆ ਨਾ ਕਰ।
ਭੁਲੇਖੇ ਦੇ ਫੰਧੇ ਇਹ ਮੋੜਾਂ ਤੇ ਗੱਡੇ, ਤੂੰ ਭਰਮਾਂ ਦੇ ਧੋਖੇ 'ਚ ਆਇਆ ਨ ਕਰ।
ਜਲਵੇ ਬੇਰੂਨੀ ਇਹ ਕੱਚੇ ਕਸੁੰਭੇ, ਗੁਣਾਂ ਦੀਆਂ ਕਦਰਾਂ ਗੁਆਇਆ ਨ ਕਰ।
ਖੁਰ ਜਾਂਦੇ ਕੱਚੇ ਝਨਾਂ ਦੀਆਂ ਠਾਠਾਂ, ਤੂੰ ਕਚਿਆਂ ਤੇ ਮਾਹੀ ਵਲ ਜਾਇਆ ਨ ਕਰ।
ਸੁਫਨੇ 'ਚ ਸੁਰਗਾਂ ਦੇ ਝੂਟੇ ਦੁਆ ਕੇ, ਦਿਲ ਦੀਆਂ ਤਰੰਗਾਂ ਵਧਾਇਆ ਨਾ ਕਰ।
ਕਦੇ ਉਭ ਪਿਆਲੀਂ ਅਕਾਸ਼ੀ ਚੜ੍ਹਾ ਕੇ, 'ਪਿਆਰ' ਮੋਈ ਜਿੰਦ ਨੂੰ ਡਰਾਇਆ ਨਾ ਕਰ।
ਚੰਚਲ ਤੂੰ ਮੱਤੋਂ ਤੇ ਭੌਂਦਾ ਈ ਰਹਿਨੈ, ਕਿਸੇ ਵੇਲੇ ਘਰ ਫੇਰਾ ਪਾਇਆ ਤਾਂ ਕਰ।
ਘਰ ਦੀਆਂ ਗੱਲਾਂ ਵੀ ਹੁੰਦੀਆਂ ਨੇ ਸੌ, ਘੜੀ ਪਲ ਬਹਿ ਸਸਤਾਇਆ ਤਾਂ ਕਰ।
ਉਮਰਾਂ ਦੀ ਡੋਂਗੀ ਵੇਖ ਮਿਣ ਲਈ ਸਵਾਸਾਂ, ਏਧਰ ਵੀ ਝਾਤੀ ਤੂੰ ਪਾਇਆ ਤਾਂ ਕਰ।
ਜਜਰ ਇਹ ਪਿੰਜਰ ਤੇ ਭੁਗੀਆਂ ਨੇ ਛੱਤਾਂ, ਕੰਧਾਂ ਨੂੰ ਲੇਪੀ ਵੀ ਲਾਇਆ ਤਾਂ ਕਰ।
ਹੰਸਾਂ ਦੀ ਜੱਦੋਂ ਤੂੰ ਕਾਗਾਂ 'ਚ ਰਲਿਓਂ, ਮੋਤੀ ਦੇ ਚੋਗ ਕਦੇ ਖਾਇਆ ਤਾਂ ਕਰ।
ਖਟਣ ਤੂੰ ਆਇਓਂ ਪਰਦੇਸਾਂ 'ਚ ਜੀਵੇਂ, ਬਾਪੂ ਦਾ ਕਰਜ਼ਾ ਵੀ ਲਾਹਿਆ ਤਾਂ ਕਰ।
ਕਣੀ ਕਣੀ ਕਰਕੇ ਸਮੁੰਦਰ ਨੇ ਭਰਦੇ, ਤੂੰ ਕਣੀਆਂ ਹੀ ਕੁਝ ਜੋੜੀ ਜਾਇਆ ਤਾਂ ਕਰ।
ਕਰਜ਼ਾ ਨਾ ਲਹਿਸੀ ਤਾਂ ਖਰਚਾ ਹੀ ਸੀ, ਪਰਤਣੇ ਦਾ ਭਾੜਾ ਬਣਾਇਆ ਤਾਂ ਕਰ।
ਸੱਚੀਆਂ ਇਹ ਗੱਲਾਂ ਕੁੜੱਤਣ ਨ ਮੰਨੀਂ, ਤ੍ਰਿਸ਼ਨਾ ਦੇ ਪਿਛੇ ਹੁਣ ਜਾਇਆ ਨ ਕਰ।
ਕੀਤੇ ਹੋਏ ਪਿਆਰਾਂ ਦੇ ਕੌਲਾਂ ਨੂੰ ਪਾਲੀਂ, ਸਿਮਰਨ ਤੇ ਬੰਦਗੀ ਭੁਲਾਇਆ ਨ ਕਰ।

---

## ਮਾਸਕ ਰੈਣ ਸਬਾਈ ਪਿੰਡ ਬੁਡੇਵਾਲ (ਲੁਧਿਆਣਾ) ਵਿਖੇ

9 ਮਈ 81 ਸ਼ਨੀਵਾਰ ਰਾਤ ਭਾਈ ਸੰਤੋਖ ਸਿੰਘ ਜੀ ਪਿੰਡ ਬੁਡੇਵਾਲ ਦੇ ਗ੍ਰਹਿ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਏ ਜੁੜੋ ਤੇ ਲਾਹੇ ਪ੍ਰਾਪਤ ਕਰੋ ਜੀ। ਇਹ ਪਿੰਡ ਲੁਧਿਆਣਾ ਸਮਰਾਲਾ ਦੇ ਵਿਚਕਾਰ ਜੰਡਾਲੀ ਕੁਹਾੜਾ ਬਸ ਸਟੈਂਡ ਤੋਂ ਤਿੰਨ ਕਿਲੋਮੀਟਰ ਹੈ। ਲੁਧਿਆਣੇ ਤੋਂ ਆਮ ਬਸਾਂ ਮਿਲਦੀਆਂ ਹਨ। ਪੁਛ ਗਿਛ–ਮਾ: ਉਜਾਗਰ ਸਿੰਘ ਖਾਲਸਾ, ਫਰਵਾਲੀ, ਡਾਕ ਘਰ ਲੋਹਟ ਬੱਦੀ (ਸੰਗਰੂਰ)

---

**ਡਾ:ਗੁਰਚਰਨ ਸਿੰਘ ਦੇ ਗ੍ਰਹਿ ਪਿੰਡ ਝਾਂਡੇ (ਲੁਧਿਆਣਾ)ਵਿਖੇ 24 ਮਈ ਨੂੰ ਅਖੰਡ ਕੀਰਤਨ ਤੇ ਭੋਗ**



www.AKJ.Org

# ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਦੀ ਅਜ਼ਾਦੀ ਕਾਇਮ ਰਹਿਣ ਦਿਓ

## ਭਾਰਤ ਸਰਕਾਰ ਨੂੰ ਬਿਨੈ ਪੱਤਰ

ਹਵਾਈ ਸਫ਼ਰ ਕਰਨ ਸਮੇਂ ਭਾਰਤ ਸਰਕਾਰ ਵਲੋਂ ਗਾਤਰੇ ਕਿਰਪਾਨ ਸਹਿਤ ਸਫ਼ਰ ਕਰਨ ਤੇ ਪਾਬੰਦੀ ਲਾਏ ਜਾਣ ਬਾਰੇ ਅਤੇ ਫ਼ੌਜਾਂ ਵਿਚ ਕਈ ਸਿੱਖ ਫ਼ੌਜੀਆਂ ਨੂੰ ਪ੍ਰੇਡ ਸਮੇਂ ਛੋਟੀ ਦਸਤਾਰ ਦੀ ਥਾਂ ਰੁਮਾਲ ਬੰਨ੍ਹੇ ਜਾਣ ਲਈ ਮਜਬੂਰ ਕੀਤੇ ਜਾਣ ਸੰਬੰਧੀ ਜੋ ਬਿਨੈ ਪੱਤਰ ਅਖੰਡ ਕੀਰਤਨੀ ਜਥੇ ਦੇ ਕੇਂਦਰੀ ਦਫ਼ਤਰ ਵਲੋਂ ਸਰਕਾਰ ਨੂੰ ਭੇਜੇ ਗਏ ਹਨ ਉਹ ਅੰਗਰੇਜ਼ੀ ਚਿੱਠੀਆਂ ਸਣੇ ਉਨ੍ਹਾਂ ਦੇ ਉਲਥੇ ਦੇ ਹੇਠਾਂ ਦਿਤੀਆਂ ਜਾ ਰਹੀਆਂ ਹਨ ।

—ਸੰਪਾਦਕ

**KENDRI AKHAND KIRTNI JATHA**

**Bazar Mai Sewan, Kucha Chattar Singh, AMRITSAR.**

No. AKJ/101/6 7-4-1981

The Director General of Civil Aviation,
East Blocks II and III,
R. K. Puram, New Delhi-22.

SUB:—Carriage of Kirpan by Sikhs on International Flights in and out of India.

Sir,

I have received a copy of your letter No. 9/56/74-IR, dated 15th January, 1981 addressed to Bhai Madan Singh.

You will kindly recollect that during the discussion which the deputation of the Akhand Kirtni Jatha, including Bhai Madan Singh, had with you on 7-1-1981 in your office it was highlighted that the small kirpan in question is very closely and favourably comparable to the size of table knives, used in the cutlery served on board the aircraft during meal times. As such, it does not involve any security problem.

It passes comprehension to think that the Govt. of India can permit the use of table knives to all air-Passengers but for unknown reasons hesitates to permit an odd Sikh Passenger to retain with him same size Kirpan during Air Travel. By this act Govt. is creating a paradox.

It is not out of place, here, to mention once again that Akhand Kirtni Jatha is a religious body and is, therefore, pursuing the issue purely on religious ground. Denial of our fair and reasonable demand of retaining with the body our religious Symbol—a small Kirpan—during Air travel reflects betrayal of the Govt's intention to effectivly supress, if not completely kill, the religious spirit of Amritdhari Sikhs. Such an act of the Govt. surely causes frustration among the devout Sikhs and it does not behove a democratic Govt. Government is ill-advised to ignore fair and reasonable religious demand of the Sikhs.

It is, therefore, again requested that a deeper thought may be given by the authorities to this vital issue shedding their partisan attitude, in consonance with the declared secular policy of the Govt. Amritdhari Sikhs may please be permitted to keep on wearing their small Gatra Kirpan during Air travel. In the end it is again re-iterated that a small size Kirpan does not hold greater danger to any Air craft than is posed by the Table knives.

Hoping for reasonable and realistic response from the Government.

Yours faithfully,
(Ram Singh) Jathedar

C.C. Manager, Sura Magazine for Publication, in the May 1981 issue.

www.AKJ.Org

## KENDRI AKHAND KIRTNI JATHA, AMRITSAR.

No. AKJ/101/3-31 6-4-81

The Hon'ble Defence Minister
Ministry of Defence
Govt. of India, New Delhi.

Subject :—Interference in Sikh Religious Rites (Reminder)

Sir,

I invite your kind attention to my letter of even reference dated 15th September 1980 on the subject cited above.

2. In the letter refered force of India may be permitted to keep on wearing under turban (a Vital Sikh religious symbol and a part of the authorised clothing scale for sikh soldiers) during P.T./game hours also.

3. Religious implications of replacement of underturban by handkerchief anytime were amply highlighted in my letter quoted above and these cannot be over emphasized.

4. Awaiting an early reply with an optimistic view that in the Secular Govt. religious symbols of the brave Sikh community will be allowed to be maintained.

Humble servant of the Khalsa
Ram Singh, Jathedar
Akhand Kirtni Jatha

C.C.

1. The Prime Minister of India.
2. The Officer Commanding East Command Regt, Fort William, Calcutta-21.
3. Sh. Gurcharan Singh Tohra, President. S.G.P.C., Asr.
4. Manager, Sura Magazine for Pub. in the May 81 issue.

## ਅੰਗਰੇਜ਼ੀ ਚਿੱਠੀਆਂ ਦੇ ਪੰਜਾਬੀ ਉਲਥੇ

ਡਾਇਰੈਕਟਰ ਜਨਰਲ,
ਸਿਵਲ ਐਵੀਏਸ਼ਨ, ਈਸਟ ਬਲਾਕ II ਅਤੇ III
ਆਰ. ਕੇ, ਪੁਰਮ, ਨਵੀਂ ਦਿੱਲੀ-22

ਵਿਸ਼ਾ:–ਅੰਤਰ-ਰਾਸ਼ਟਰੀ ਉੜਾਨ ਸਮੇਂ ਅੰਮ੍ਰਿਤਧਾਰੀ ਸਿੰਘਾਂ ਦੇ ਕਿਰਪਾਨਾਂ ਧਾਰੀ ਰੱਖਣ ਬਾਰੇ ।

ਸ੍ਰੀ ਮਾਨ ਜੀ,

ਭਾਈ ਮਦਨ ਸਿੰਘ ਜੀ ਦੇ ਨਾਮ ਆਪ ਜੀ ਦੇ ਪੱਤਰ ਨੰ: 9/56/74 ਆਈ.ਆਰ. ਮਿਤੀ 15-1-81 ਦੀ ਨਕਲ ਮੈਨੂੰ ਮਿਲੀ ਹੈ ।

ਆਪ ਜੀ ਨੂੰ ਚੇਤੇ ਹੋਵੇ ਕਿ ਮਿਤੀ 7-1-81 ਨੂੰ ਜਦੋਂ ਭਾ: ਮਦਨ ਸਿੰਘ ਜੀ ਸਮੇਤ ਅਖੰਡ ਕੀਰਤਨੀ ਜਥੇ ਦਾ ਡੇਪੂਟੇਸ਼ਨ ਆਪ ਜੀ ਨੂੰ ਮਿਲਿਆ ਸੀ ਤਾਂ ਆਪ ਜੀ ਦੇ ਧਿਆਨ ਗੋਚਰੇ ਇਹ ਗੱਲ ਵਿਸ਼ੇਸ਼ ਤੌਰ ਤੇ ਕੀਤੀ ਗਈ ਸੀ ਕਿ ਗਾਤਰੇ ਵਾਲੀ ਛੋਟੀ ਕਿਰਪਾਨ ਦਾ ਸਾਈਜ਼ ਹਵਾਈ ਜਹਾਜ਼ ਵਿਚ ਭੋਜਨ ਖਾਣ ਸਮੇਂ ਵਰਤੋਂ ਵਿਚ ਲਿਆਂਦੇ ਜਾਣ ਵਾਲੇ ਛੁਰੀਆਂ ਕਾਂਟਿਆਂ ਦੇ ਸਾਈਜ਼ ਨਾਲ ਤਕਰੀਬਨ ਮਿਲਦਾ ਜੁਲਦਾ ਹੈ ਤੇ ਇਸ ਨਾਲ ਹਵਾਈ ਜਹਾਜ਼ ਦੀ ਸੁਰੱਖਿਅਤਾ ਨੂੰ ਖ਼ਤਰਾ ਵਾਪਰਨ ਵਾਲੀ ਕੋਈ ਗੱਲ ਨਹੀਂ ।

ਇਹ ਗੱਲ ਸਮਝ ਵਿਚ ਨਹੀਂ ਆਉਂਦੀ ਕਿ ਭਾਰਤ ਸਰਕਾਰ ਨੇ ਹਵਾਈ ਜਹਾਜ਼ਾਂ ਵਿਚ ਛੁਰੀਆਂ ਕਾਂਟਿਆਂ ਦੀ ਵਰਤੋਂ ਦੀ ਆਗਿਆ ਤਾਂ ਸਾਰੇ ਮੁਸਾਫ਼ਰਾਂ ਲਈ ਦੇ ਰਖੀ ਹੈ, ਪਰ ਇਕੜ-ਦੁਕੜ ਅੰਮ੍ਰਿਤਧਾਰੀ ਸਿੰਘਾਂ ਨੂੰ ਓਸੇ ਸਾਈਜ਼ ਦੀ ਕਿਰਪਾਨ ਪਾਸ ਰੱਖਣ ਦੀ ਆਗਿਆ ਦੇਣ ਵਿਚ ਪਤਾ ਨਹੀਂ ਕਿਉਂ ਅੜੱਚਨਾ ਡਾਹੁੰਦੀ ਹੈ, ਇਹ ਜਾਣਦਿਆਂ ਹੋਇਆਂ ਕਿ ਕਿਰਪਾਨ ਅੰਮ੍ਰਿਤਧਾਰੀ ਖਾਲਸੇ ਦਾ ਅਨਿੱਖੜਵਾਂ ਧਾਰਮਕ ਚਿੰਨ੍ਹ ਹੈ । ਪਰਤੱਖ ਹੈ ਕਿ ਅਜਿਹੇ ਕਰਤੱਵ ਦੁਆਰਾ ਸਰਕਾਰ ਵਿਤਕਰੇ ਵਾਲਾ ਵਤੀਰਾ ਅਪਣਾ ਰਹੀ ਹੈ ।

ਇਥੇ ਇਹ ਵਰਨਣ ਕਰਨਾ ਕੁਥਾਂ ਨਹੀਂ ਹੋਵੇਗਾ ਕਿ ਅਖੰਡ ਕੀਰਤਨੀ ਜਥਾ ਨਿਰੋਲ ਧਾਰਮਕ ਜਥੇਬੰਦੀ ਹੈ ਅਤੇ ਧਾਰਮਕ ਅਸੂਲਾਂ ਦੇ ਅਧਾਰ ਤੇ ਇਸ ਮਸਲੇ ਦੀ ਪੈਰਵੀ ਕਰ ਰਹੀ ਹੈ ।

www.AKJ.Org

ਹਵਾਈ ਸਫ਼ਰ ਸਮੇਂ ਸਿੰਘਾਂ ਦੇ ਆਪਣੇ ਧਾਰਮਕ-ਚਿੰਨ੍ਹ (ਗਾਤਰਾ ਕਿਰਪਾਨ) ਨੂੰ ਆਪਣੇ ਤਨ ਨਾਲ ਰਖਣ ਦੀ ਜਾਇਜ਼ ਅਤੇ ਹੱਕੀ ਮੰਗ ਨੂੰ ਅਪਰਵਾਣ ਕਰ ਕੇ ਸਰਕਾਰ ਇਸ ਭਾਵਨਾ ਦਾ ਪ੍ਰਗਟਾਵਾ ਕਰ ਰਹੀ ਹੈ ਕਿ ਅੰਮ੍ਰਿਤ-ਧਾਰੀ ਸਿੰਘਾਂ ਦੀ ਧਾਰਮਕ ਸਪਿਰਟ ਨੂੰ ਜੇ ਪੂਰੀ ਤਰ੍ਹਾਂ ਕੁਚਲਿਆ ਨਾ ਜਾ ਸਕੇ ਤਾਂ ਜ਼ੋਰ ਨਾਲ ਦਬੱਾ ਦਿਤਾ ਜਾਵੇ। ਸਰਕਾਰ ਦੇ ਇਸ ਕਰਤੱਵ ਤੋਂ ਸਿਖ ਕੌਮ ਦੇ ਧਾਰਮਕ ਮਰਯਾਦਾ ਨਿਭਾਉਣ ਵਾਲੇ ਸ਼ਰਧਾਲੂ ਤਬਕੇ ਨੂੰ ਬੜੀ ਮਾਯੂਸੀ ਹੋਈ ਹੈ। ਸਿਖ ਕੌਮ ਦੀ ਜਾਇਜ਼ ਅਤੇ ਹੱਕੀ ਮੰਗ ਨੂੰ ਰੌਲੇ-ਗੌਲੇ ਵਿਚ ਪਾਣ ਨਾਲ ਸਰਕਾਰ ਆਪਣੇ ਫ਼ਰਜ਼ ਤੋਂ ਖੁੰਝ ਰਹੀ ਹੈ। ਲੋਕ-ਰਾਜੀ ਸਰਕਾਰ ਨੂੰ ਅਜਿਹਾ ਵਤੀਰਾ ਸ਼ੋਭਾ ਨਹੀਂ ਦੇਂਦਾ।

ਉਪ੍ਰੋਕਤ ਤਥਾਂ ਨੂੰ ਮੁਖ ਰਖ ਕੇ ਫਿਰ ਬੇਨਤੀ ਹੈ ਕਿ ਇਸ ਮਹੱਤਵ-ਪੂਰਨ ਮਸਲੇ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਵੇ ਅਤੇ ਫੋਕੇ ਵਕਾਰ ਨੂੰ ਲਾਂਭੇ ਰਖ ਕੇ ਲੋਕ-ਰਾਜੀ ਪਾਲਸੀ ਦੇ ਮੁਤਾਬਕ ਅੰਮ੍ਰਿਤ-ਧਾਰੀ ਸਿਖਾਂ ਨੂੰ ਹਵਾਈ ਸਫ਼ਰਾਂ ਸਮੇਂ ਆਪਣਾ ਧਾਰਮਕ ਚਿੰਨ੍ਹ—ਛੋਟੀ ਗਾਤਰਾ-ਕਿਰਪਾਨ—ਧਾਰਨ ਕੀਤੇ ਰਖਣ ਦੀ ਇਜਾਜ਼ਤ ਦਿਤੀ ਜਾਵੇ। ਅੰਤ ਵਿਚ ਯਥਾਰਥਕ ਤੱਥ ਨੂੰ ਫਿਰ ਦੁਹਰਾਇਆ ਜਾਂਦਾ ਹੈ ਕਿ ਭੋਜਨ ਖਾਣ ਵਾਲੇ ਛੁਰੀਆਂ ਕਾਂਟਿਆਂ ਨਾਲੋਂ ਓਸੇ ਸਾਈਜ਼ ਦੀ ਕਿਰਪਾਨ ਨਾਲ ਹਵਾਈ ਜਹਾਜ਼ ਦੀ ਸੁਰੱਖਿਅਤ ਨੂੰ ਕੋਈ ਵਧੇਰੇ ਖ਼ਤਰਾ ਨਹੀਂ ਵਾਪਰ ਸਕਦਾ।

ਸਰਕਾਰ ਵਲੋਂ ਜਾਇਜ਼ ਅਤੇ ਯਥਾਰਥਕ ਵਤੀਰੇ ਦੀ ਆਸ ਰਖਦਿਆਂ ਹੋਇਆਂ,

ਆਪ ਜੀ ਦਾ ਵਿਸ਼ਵਾਸ-ਪਾਤਰ
ਰਾਮ ਸਿੰਘ
ਜਥੇਦਾਰ ਅਖੰਡ ਕੀਰਤਨੀ ਜਥਾ

---

AKJ/101/3–31 ਮਿਤੀ 6–4–81

ਰਖਿਆ ਮੰਤਰੀ
ਰਖਿਆ ਮੰਤਰਾਲਿਆ
ਭਾਰਤ ਸਰਕਾਰ, ਨਵੀਂ ਦਿਲੀ

ਵਿਸ਼ਾ :—ਸਿਖਾਂ ਦੀ ਧਾਰਮਕ ਮਰਯਾਦਾ ਵਿਚ ਦਖਲ-ਅੰਦਾਜ਼ੀ (ਯਾਦ-ਪੱਤਰ)

ਉਪ੍ਰੋਕਤ ਵਿਸ਼ੇ ਤੇ ਆਪਣੇ ਸਗਵੇਂ ਨੰਬਰ ਵਾਲੇ ਮਿਤੀ 15-9-80 ਦੇ ਪਤਰ ਵਲ ਆਪ ਦਾ ਧਿਆਨ ਦਿਵਾਉਂਦਾ ਹਾਂ।

ਜਿਵੇਂ ਕਿ ਬੇਨਤੀ ਕੀਤੀ ਗਈ ਸੀ, ਸਿਖ ਫ਼ੌਜੀਆਂ ਨੂੰ ਪੀ. ਟੀ. ਕਰਦੇ ਸਮੇਂ ਅਤੇ ਖੇਡਾਂ ਦੇ ਸਮੇਂ ਛੋਟੀ ਦਸਤਾਰ, ਜੋ ਕਿ ਖਾਲਸਾ ਕੌਮ ਦਾ ਰਵਾਇਤੀ ਮਹੱਤਵ ਪੂਰਨ ਧਾਰਮਕ ਚਿੰਨ੍ਹ ਹੈ ਅਤੇ ਸਰਕਾਰ ਵਲੋਂ ਸਿਖ ਫ਼ੌਜੀਆਂ ਲਈ ਨਿਸਚਿਤ ਕੀਤੀ ਗਈ ਵਰਦੀ ਦਾ ਮਨਜ਼ੂਰ ਹੋਇਆ ਭਾਗ ਹੈ, ਦੀ ਧਾਰਨਾ ਕਰਨ ਦੀ ਆਗਿਆ ਮਿਲੀ ਰਹਿਣੀ ਚਾਹੀਦੀ ਹੈ।

ਫ਼ੌਜੀ ਡਿਊਟੀ ਦੇ ਕਿਸੇ ਵੀ ਸਮੇਂ ਦਸਤਾਰ ਦੀ ਬਜਾਏ ਰੁਮਾਲ ਬੰਨ੍ਹਣ ਦੀ ਪਾਬੰਦੀ ਲਾਗੂ ਕਰਨ ਵਿਚ ਜੋ ਧਾਰਮਕ ਉਲੰਘਣਾ ਹੁੰਦੀ ਹੈ, ਉਸ ਬਾਰੇ 15-9-80 ਦੇ ਪਤਰ ਵਿਚ ਚੰਗੀ ਤਰ੍ਹਾਂ ਚਾਨਣਾ ਪਾਇਆ ਗਿਆ ਸੀ। ਪੂਰਨ ਆਸ ਹੈ ਕਿ ਲੋਕ-ਰਾਜੀ ਸਰਕਾਰ ਵਲੋਂ ਸਿਖਾਂ ਵਰਗੀ ਬਹਾਦਰ ਕੌਮ ਦੀਆਂ ਧਾਰਮਕ ਰਵਾਇਤਾਂ ਮੁਜਬ ਸਿਖ ਫ਼ੌਜੀਆਂ ਨੂੰ ਆਪਣੇ ਧਾਰਮਕ ਚਿੰਨ੍ਹ ਧਾਰਨ ਕਰਨ ਦੀ ਇਜਾਜ਼ਤ ਜੋ ਅਗੇ ਮਿਲੀ ਹੋਈ ਹੈ, ਉਸ ਵਿਚ ਕੋਈ ਅਦਲਾ-ਬਦਲੀ ਜਾਂ ਛੇੜਾ-ਛਾੜੀ ਕੀਤੇ ਜਾਣ ਤੋਂ ਸੰਕੋਚ ਕੀਤਾ ਜਾਵੇਗਾ।

ਖਾਲਸਾ ਜੀ ਦਾ ਸੇਵਾਦਾਰ
ਰਾਮ ਸਿੰਘ
ਜਥੇਦਾਰ ਅਖੰਡ ਕੀਰਤਨੀ ਜਥਾ

ਉਤਾਰਾ—

(1) ਪ੍ਰਧਾਨ ਮਤਰੀ ਭਾਰਤ ਸਰਕਾਰ।
(2) ਕਮਾਂਡਿੰਗ ਅਫਸਰ ਈਸਟ ਕਮਾਂਡ ਰੈਜਮੰਟ, ਫ਼ੋਰਟ ਵਿਲੀਅਮ, ਕਲਕਤਾ।
(3) ਸ: ਗੁਰਚਰਨ ਸਿੰਘ ਜੀ ਟੌਹੜਾ, ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ।


www.AKJ.org

# ਮਨਮੁਖਿ ਸਬਦੁ ਨ ਜਾਣਈ

[ਵਲੋਂ–ਗੁਰਪੁਰ ਵਾਸੀ ਮਾਸਟਰ ਜੁਗਿੰਦਰ ਸਿੰਘ ਜੀ, ਬੜੂੰਦੀ]

ਮਾਸਟਰ ਜੁਗਿੰਦਰ ਸਿੰਘ ਜੀ ਭਾਈ ਸਵਾਈ ਸਿੰਘ ਜੀ ਨੂੰ ਮਨਮੁਖਾਂ ਦੇ ਲਛਣ ਦਸ ਰਹੇ ਹਨ ਕਿ ਗੁਣ-ਬਿਹੂਣੇ ਮਨਮੁਖ ਹੋਰ ਹੋਰ ਕਰਮਾਂ ਵਿਚ ਉਲਝ ਕੇ ਖ਼ਰਾਬ ਹੁੰਦੇ ਹਨ, ਉਨ੍ਹਾਂ ਨੂੰ ਗੁਰ-ਸ਼ਬਦ ਦੀ ਸੋਝੀ ਹੀ ਨਹੀਂ ਹੁੰਦੀ। ਸੱਚੇ ਸਤਿਗੁਰੂ ਤੋਂ ਵਿਛੜ ਕੇ ਉਨ੍ਹਾਂ ਦੀ ਆਯੂ ਦੁਖਾਂ ਵਿਚ ਹੀ ਵਿਹਾਂਦੀ ਹੈ। ਓਹ ਕਹੌਤੀ ਸਾਧਾਂ-ਸੰਤਾਂ ਮਗਰ ਲਗ ਕੇ ਨਰਕਾਂ ਦੇ ਪਾਤਰ ਬਣਦੇ ਹਨ। ਖੋਟੀ ਮਤ ਕਾਰਨ ਉਹ ਔਝੜ ਹੀ ਪਏ ਰਹਿੰਦੇ ਹਨ, ਕਿਉਂਕਿ ਉਹ ਇਸਤ੍ਰੀਆਂ ਦੇ ਗੁਲਾਮ ਕਾਮ-ਵਸ ਹੋਏ ਉਨ੍ਹਾਂ ਦੇ ਮਗਰ ਲਗ ਤੁਰਦੇ ਹਨ। ਅਜਿਹੇ ਮਨਮੁਖ ਸੱਚੀ ਪ੍ਰੇਮਾ-ਭਗਤੀ ਦੀ ਕਮਾਈ ਕਰ ਹੀ ਨਹੀਂ ਸਕਦੇ ਅਤੇ ਉਹ ਸਤਿਗੁਰੂ ਦੇ ਅਗੋਚਰ ਸ਼ਬਦ ਗੁਰ-ਮੰਤ੍ਰ ਤੋਂ ਵਿਰਵੇ ਰਹਿ ਕੇ, ਆਪਣਾ ਅਮੋਲਕ ਜਨਮ ਗੁਆ ਕੇ ਚੁਰਾਸੀ ਲਖ ਜੂਨਾਂ ਵਿਚ ਹੀ ਭਟਕਦੇ ਹਨ।

–ਸੰਪਾਦਕ

**ਅਉਗਣ-ਵੰਤੇ** : ਅਉਗਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ ॥
ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ ॥੨॥੨੯॥ ਪੰਨਾ ੩੭

"ਬਿਨੁ ਗੁਰ ਗੁਣ ਨ ਜਾਪਨੀ" ਵਾਕ ਅਨੁਸਾਰ ਕਿਸੇ ਨੂੰ ਸੋਝੀ ਨਹੀਂ ਹੋ ਸਕਦੀ ਕਿ ਅਸਲ ਗੁਣ ਨਾਮ ਤੋਂ ਪ੍ਰਾਪਤ ਹੁੰਦੇ ਹਨ। ਮਨਮੁਖ ਨੂੰ ਗੁਰ-ਮੰਤ੍ਰ ਗੁਰ-ਸ਼ਬਦ ਨਾਮ ਦੀ ਸਾਰ ਆਪੋਂ ਕਿਵੇਂ ਆ ਸਕਦੀ ਹੈ ? ਇਸ ਲਈ ਮਨਮੁਖ ਅਉਗਣਾਂ ਦੇ ਹੀ ਗੁਥਲੇ ਹੁੰਦੇ ਹਨ। ਓਹਨਾਂ ਨੂੰ ਪਤੀ ਪਰਮੇਸ਼ਰ ਦੇ ਨੇੜੇ ਨਹੀਂ ਜਾਣ ਦਿਤਾ ਜਾਂਦਾ। ਓਹਨਾਂ ਦੇ ਆਪਣੇ ਮਨ-ਮੰਨੇ ਗੁਣ ਸਭ ਪਹਿਲਾਂ ਹੀ ਖੋਹ ਲਏ ਜਾਂਦੇ ਹਨ। ਯਥਾ ਗੁਰਵਾਕ–

ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥੩॥ ਬਾਰਹਮਾਹਾ ਮਾਝ, ਪੰਨਾ ੧੩੩-੩੪

ਤਥਾ–ਹਰਿ ਬਿਨੁ ਅਵਰ ਕ੍ਰਿਆ ਬਿਰਥੇ॥ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥੧॥ਰਹਾਉ॥(੨੧੬)

**ਬੇ-ਧਰਮੇ** : ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ ॥
ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ ॥੧॥੪੫॥ ਪੰਨਾ ੩੧

ਨਾਮ ਰੂਪੀ ਅੰਮ੍ਰਿਤ ਤੋਂ ਛੁੱਟ ਬਾਕੀ ਸਭ ਕੁਝ ਵਿਹੁ ਰੂਪ ਹੈ। ਮਨਮੁਖ ਸਾਕਤ "ਅੰਮ੍ਰਿਤ ਕਉਰਾ ਬਿਖਿਆ ਮੀਠੀ" ਗੁਰਵਾਕ ਅਨੁਸਾਰ ਨਾਮ ਅੰਮ੍ਰਿਤ ਨੂੰ ਛਡ ਕੇ, ਵਿਹੁ ਨੂੰ ਮਿਠੀ ਸਮਝ ਕੇ ਗਟਾ ਗਟ ਪੀਈ ਜਾਂਦੇ ਹਨ। ਸਾਰੀ ਉਮਰ ਵਿਡਾਣੀ ਚਾਕਰੀ ਵਿਚ ਵਿਹਾ ਜਾਂਦੇ ਹਨ। ਓਹਨਾਂ ਨੂੰ ਅਸਲ ਧਰਮ ਦੀ ਪਛਾਣ ਹੀ ਨਹੀਂ ਹੁੰਦੀ। ਇਸ ਲਈ ਸਾਰੀ ਉਮਰ ਵਿਚਾਰਿਆਂ ਦੀ ਦੁਖਾਂ ਵਿਚ ਹੀ ਬੀਤਦੀ ਹੈ। ਅਸਲ ਨਾਮ ਧਰਮ ਦੀ ਸੋਝੀ ਗੁਰੂ ਦੀ ਸ਼ਰਨ ਆਇਆਂ ਹੀ ਮਿਲ ਸਕਦੀ ਹੈ। ਯਥਾ ਗੁਰਵਾਕ–

ਬਲਿਓ ਚਰਾਗੁ ਅੰਧ੍ਯ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮੁ ॥੯॥ ਪੰਨਾ ੧੩੮੭

**ਡੁੱਬ-ਜਾਣੇ** : ਮਨਮੁਖ ਦੁਬਿਧਾ ਦੁਰਮਤਿ ਵਿਆਪੇ ਜਿਨ ਅੰਤਰਿ ਮੋਹ ਗੁਬਾਰੀ ॥
ਸੰਤ ਜਨਾ ਕੀ ਕਥਾ ਨ ਭਾਵੈ ਓਇ ਡੂਬੇ ਸਣੁ ਪਰਵਾਰੀ ॥ ੫ ॥ ਪੰਨਾ ੫੦੭

ਆਪ-ਹੁਦਰੇ ਮਨਮੁਖ ਦੁਚਿੱਤੇਪਨ ਵਿਚ ਖੋਟੀ ਮਤਿ ਦੇ ਕਾਰਨ ਫਸੇ ਹੋਏ ਹਨ। ਓਹਨਾਂ ਨੂੰ ਪੂਰੇ ਸਤਿਗੁਰਾਂ ਸੰਤ ਜਨਾਂ ਦੀ ਕਥੀ ਹੋਈ ਕਥਾ, ਭਾਵ, ਗੁਰਬਾਣੀ ਚੰਗੀ ਹੀ ਨਹੀਂ ਲਗਦੀ। ਹੋਰ ਮਨਮੁਖਾਂ ਆਨ-ਮੱਤੀਆਂ ਕਹੌਤੀ ਸਾਧਾਂ ਸੰਤਾਂ ਦੀਆਂ ਮਨਮੱਤੀ ਕਥੋਲੀਆਂ ਕਹਾਣੀਆਂ ਸੁਣ ਕੇ ਆਪਣੇ ਕੰਨ-ਰਸ ਨੂੰ ਪੂਰਾ ਕਰਦੇ ਹਨ। ਪਤਾ ਓਦੂੰ ਲਗੂ ਜਦੋਂ ਸਣੇ ਪਰਵਾਰ ਦੇ ਨਰਕਾਂ ਵਿਚ ਗੋਤੇ ਖਾਣੇ ਪਏ।



www.AKJ.Org

**ਕੁਮਾਰਗੀਏ :** ਮਨਮੁਖਿ ਅਗਿਆਨਿ ਕੁਮਾਰਗਿ ਪਾਏ ॥
ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥
ਭਵਜਲਿ ਡੂਬੇ ਦੂਜੈ ਭਾਇ ॥੩॥(੮॥੪) ਪੰਨਾ ੨੩੧

ਜੋ ਲੋਗ ਨਾਮ ਨੂੰ ਭੁਲਾ ਕੇ ਆਪਣੀ ਖੋਟੀ ਮੱਤ ਦੇ ਪਿਛੇ ਲਗ ਕੇ ਹੋਰ ਸੰਸਾਰੀ ਕਰਮਾਂ ਧਰਮਾਂ ਵਿਚ ਲਗੇ ਹਨ, ਓਹ ਜ਼ਰੂਰ ਹੀ ਪੁੱਠੇ ਰਸਤੇ ਪੈ ਚੁਕੇ ਹਨ, ਕਿਉਂ ਜੁ ਓਹ ਦੂਜੇ ਭਾਵ ਵਿਚ ਲਗ ਕੇ ਡੁਬੋ ਦੇਣ ਵਾਲੇ ਕੰਮਾਂ ਵਿਚ ਲਗ ਰਹੇ ਹਨ। ਜੈਸੇ ਗੁਰਵਾਕ–

ਕਲਜੁਗ ਮਹਿ ਬਹੁ ਕਰਮ ਕਮਾਹਿ ॥ ਨਾ ਰੁਤਿ ਨ ਕਰਮ ਥਾਇ ਪਾਹਿ ॥੧॥
ਕਲਜੁਗ ਮਹਿ ਰਾਮ ਨਾਮੁ ਹੈ ਸਾਰੁ ॥ ਗੁਰਮੁਖਿ ਸਾਚਾ ਲਗੈ ਪਿਆਰੁ ॥੧॥ਰਹਾਉ॥ (੧੧੩੦)

ਅਤੇ–ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥
ਨਾਨਕ ਜਮਪੁਰਿ ਬਧੇ ਮਾਰੀਅਹਿ ਜਿਉ ਸੰਨੀ ਉਪਰਿ ਚੋਰ ॥੧॥(੨੯) ਪੰਨਾ ੧੨੪੭

**ਜੋਰੂਆਂ ਦੇ ਗੁਲਾਮ :** ਮਨਮੁਖ ਦੈ ਸਿਰਿ ਜੋਰਾ ਅਮਰੁ ਹੈ ਨਿਤ ਦੇਵਹਿ ਭਲਾ ॥
ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ ॥
ਕਾਮਿ ਵਿਆਪੇ ਕੁਸੁਧ ਨਰ ਸੇ ਜੋਰਾ ਪੁਛਿ ਚਲਾ ॥੨॥(੯) ਪੰਨਾ ੩੦੪

ਕਾਮੀ ਕੁਸੁੱਧ ਮਨਮੁਖਾਂ ਦੇ ਸਿਰ ਤੇ ਇਸਤ੍ਰੀਆਂ ਦਾ ਹੁਕਮ ਹੈ। ਜੋ ਓਹ ਹੁਕਮ ਦੇਂਦੀਆਂ ਹਨ, ਮਨਮੁਖ ਭਲਾ ਕਰਕੇ ਮੰਨਦੇ ਹਨ। ਐਸੇ ਪੁਰਖ ਸੱਚ-ਮੁੱਚ ਹੀ ਗੰਦੇ ਤੇ ਮੂਰਖ ਹਨ। ਓਹਨਾਂ ਨੂੰ ਤਾਂ ਅਸਲੀ ਜਿੰਨ ਹੀ ਸਮਝਣਾ ਚਾਹੀਦਾ ਹੈ, ਜਿਨ੍ਹਾਂ ਦੇ ਸਿਰ ਤੇ ਇਸਤ੍ਰੀਆਂ ਦਾ ਹੁਕਮ ਚਲ ਰਿਹਾ ਹੈ। ਓਹਨਾਂ ਦੇ ਪੁੱਤਰਾਂ ਨੂੰ ਛੋਟੇ ਜਿੰਨ ਤੇ ਧੀਆਂ ਨੂੰ ਭੂਤਨੀਆਂ। ਯਥਾ ਗੁਰਵਾਕ–

ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥
ਪੁਤੁ ਜਿੰਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰ ॥੧॥(੨੦) ਪੰਨਾ ੫੫੬

**ਦੇਵਾਨੇ :** ਮਨਮੁਖ ਤੇ ਅਭ ਭਗਤਿ ਨ ਹੋਵਸਿ ਹਉਮੈ ਪਚਹਿ ਦਿਵਾਨੇ ॥
ਇਹੁ ਮਨੂਆ ਖਿਨੁ ਊਭਿ ਪਇਆਲੀ ਜਬ ਲਗਿ ਸਬਦੁ ਨ ਜਾਨੇ ॥੩॥੭॥ (੧੩੪੫)

ਮਨਮੁਖਾਂ ਤੋਂ ਪ੍ਰੇਮਾ-ਭਗਤੀ ਹਰਗਿਜ਼ ਹਰਗਿਜ਼ ਨਹੀਂ ਹੋ ਸਕਦੀ। ਓਹ ਮੂਰਖ ਤਾਂ ਸਦਾ ਹਉਮੈ ਹੰਕਾਰ ਅੰਦਰ ਹੀ ਸੜਦੇ ਬਲਦੇ ਰਹਿੰਦੇ ਹਨ। ਓਹਨਾਂ ਦੇ ਮਨ ਇਕ ਛਿਨ ਵਿਚ ਅਕਾਸ਼ਾਂ ਵਿਚ ਤੇ ਦੂਸਰੇ ਛਿਨ ਪਤਾਲਾਂ ਵਿਚ ਭਰਮਦੇ ਭਟਕਦੇ ਫਿਰਦੇ ਰਹਿੰਦੇ ਹਨ। ਭਟਕਣ ਭੀ ਕਿਉਂ ਨਾ? ਓਹਨਾਂ ਨੇ ਗੁਰੂ ਦੇ ਸ਼ਬਦ ਨੂੰ ਨਹੀਂ ਜਾਣਿਆ ਪਛਾਣਿਆ।

**ਚੁਰਾਸੀ ਦੇ ਕੀੜੇ :** ਇਕਨਾ ਮਨਮੁਖਿ ਸਬਦੁ ਨ ਭਾਵੈ ਬੰਧਨਿ ਬੰਧਿ ਭਵਾਇਆ ॥
ਲਖ ਚਉਰਾਸੀਹ ਫਿਰਿ ਫਿਰਿ ਆਵੈ ਬਿਰਥਾ ਜਨਮੁ ਗਵਾਇਆ ॥੪॥੨੪॥ ਪੰਨਾ ੬੯

ਮਨਮੁਖ ਦਾ ਅਮੋਲਕ ਜਨਮ ਫ਼ਜ਼ੂਲ ਹੀ ਚਲਿਆ ਗਿਆ। ਉਹ ਆਪਣੇ ਕੀਤੇ ਕਰਮਾਂ ਦੇ ਬੰਧਨਾਂ ਵਿਚ ਬੰਧਿਆ ਹੋਇਆ ਚੁਰਾਸੀ ਲਖ ਜੂਨਾਂ ਵਿਚ ਆਉਂਦਾ ਜਾਂਦਾ ਜੰਮਦਾ ਮਰਦਾ ਹੀ ਰਹਿ ਗਿਆ। ਉਸ ਨੂੰ ਗੁਰੂ ਦਾ ਅਗੋਚਰ ਸ਼ਬਦ ਗੁਰ-ਮੰਤ੍ਰ, ਜੋ ਚੁਰਾਸੀ ਲੱਖ ਜੂਨਾਂ ਤੋਂ ਛੁਟਕਾਰਾ ਦਿਵਾਉਣ ਨੂੰ ਸਮਰੱਥ ਹੈ, ਚੰਗਾ ਨਾ ਲਗਾ। ਯਥਾ ਗੁਰਵਾਕ–

ਲਖ ਚਉਰਾਸੀਹ ਜੋਨਿ ਸਬਾਈ ॥ ਮਾਣਸ ਕਉ ਪ੍ਰਭਿ ਦੀਈ ਵਡਿਆਈ ॥
ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥੨॥ (੧੦੭੫)


www.AKJ.Org

# ਵਤਨਿ ਪਰਉਪਕਾਰ ਨੋ

## ਅੱਖੀਂ ਡਿੱਠੀ ਘਟਨਾ

[ਵਲੋਂ–ਮੇਜਰ ਅਮਰੀਕ ਸਿੰਘ ਜੀ, 17–ਭਗਤ ਸਿੰਘ ਰੋਡ, ਜਲੰਧਰ ਛਾ:]

ਕਲਗੀਧਰ ਪਾਤਸ਼ਾਹ ਜੀ ਨੇ, ਅੰਮ੍ਰਿਤ ਦੀ ਦਾਤਿ ਦੇ ਕੇ ਖਾਲਸਾ ਜੀ ਅੰਦਰ, ਆਪਣੇ ਆਪ ਨੂੰ ਪਰਉਪਕਾਰ ਹਿਤ ਨਿਛਾਵਰ ਕਰ ਦੇਣ ਦੀ ਜੋ ਸਪਿਰਿਟ ਭਰ ਦਿਤੀ ਸੀ, ਉਸ ਦੀ ਇਕ ਤਾਜ਼ਾ ਮਿਸਾਲ ਆਪ ਜੀ ਅਗੇ ਰਖਣ ਲਗਾ ਹਾਂ।

ਇਹ ਗੱਲ 29 ਮਾਰਚ 1981, ਐਤਵਾਰ ਵਾਲੇ ਦਿਨ ਦੀ ਹੈ। ਉਸ ਦਿਨ ਕਾਕੀ ਪਿੰਡ ਜਲੰਧਰ ਛਾਉਣੀ ਤੋਂ, ਕੀਰਤਨ ਉਪਰੰਤ ਵਾਪਸ ਘਰ ਨੂੰ ਆ ਰਿਹਾ ਸਾਂ। ਰਸਤੇ ਵਿਚ, ਰਾਮਾ ਮੰਡੀ ਰੇਲ ਰੋਡ ਲੈਵਲ ਕਰਾਸਿੰਗ ਤੇ ਫਾਟਕ ਬੰਦ ਹੋਣ ਦੇ ਕਾਰਨ ਰੁਕਣਾ ਪੈ ਗਿਆ। ਦਾਸ ਦੇ ਨਾਲ ਭਾਈ ਕਰਮ ਸਿੰਘ ਜੀ ਤਲਵਾੜ ਵੀ ਸਨ। ਦਾਸ ਨੇ ਸਕੂਟਰ ਬੰਦ ਤਾਂ ਕਰ ਦਿਤਾ, ਪਰ ਬੈਠਾ ਉਤੇ ਹੀ ਰਿਹਾ। ਦਸ ਵਜ ਕੇ ਚਾਲੀ ਮਿੰਟ ਹੋਏ ਸਨ। ਇਥੇ, ਫਾਟਕ ਬੰਦ ਹੋਣ ਤੇ ਵੀ, ਕਈ ਪੈਦਲ ਲੋਕ ਛੋਟੇ ਗੇਟ ਵਿਚੋਂ ਲੰਘ ਕੇ ਸੜਕ ਪਾਰ ਕਰਦੇ ਹੀ ਰਹਿੰਦੇ ਹਨ।

ਇਸ ਦਿਨ ਵੀ ਹਲਕੀ ਹਲਕੀ ਆਵਾਜਾਈ ਚਲ ਹੀ ਰਹੀ ਸਾਂ, ਜਦ ਕਿ ਜਲੰਧਰ ਸ਼ਹਿਰ ਵਾਲੇ ਪਾਸਿਓਂ ਇਕ ਡੀਜ਼ਲ ਇੰਜਨ ਆਪਣੀ ਨਾਰਮਲ ਰਫ਼ਤਾਰ ਤੇ ਆ ਰਿਹਾ ਸੀ। ਹੋਰ ਸਾਰੇ ਪੈਦਲ ਮੁਸਾਫ਼ਰ ਲੰਘ ਚੁਕੇ ਸਨ। ਇਕ ਲੜਕੀ, ਉਮਰ 16–17 ਸਾਲ, ਜੋ ਕਿ ਅਖ਼ੀਰ ਵਿਚ ਫਾਟਕ ਦੇ ਜਲੰਧਰ ਛਾਉਣੀ ਵਾਲੇ ਪਾਸਿਓਂ ਕਰਾਸਿੰਗ ਵਿਚ ਦਾਖ਼ਲ ਹੋਈ ਸੀ, ਅਜੇ ਤਿੰਨ ਟਰੈਕਾਂ ਵਿਚੋਂ ਪਹਿਲੇ ਤੇ ਹੀ ਸੀ ਕਿ ਲੋਕਾਂ ਨੇ ਦੋਹਾਂ ਪਾਸਿਆਂ ਤੋਂ ਰੌਲਾ ਪਾਇਆ, "ਨੀ ਕੁੜੀਏ ! ਦੇਖ ਗਡੀ ਆ ਰਹੀ ਊ"। ਲੜਕੀ ਨੇ ਖੱਬੇ ਪਾਸੇ ਦੇਖਿਆ ਤੇ ਥੋੜਾ ਸੱਜੇ ਹੱਥ ਹੋਂਦੀ ਹੋਈ ਸਾਹਮਣੇ ਵਲ ਨੂੰ ਕਰਾਸਿੰਗ ਪਾਰ ਕਰਨ ਲਈ ਤੁਰਦੀ ਰਹੀ। ਦੋ ਤਿੰਨ ਕਦਮ ਹੀ ਪੁਟੇ ਹੋਣਗੇ, ਫਿਰ ਸ਼ੋਰ ਹੋਇਆ, "ਗਡੀ ਆ ਰਹੀ ਊ"। ਦੋਹਾਂ ਪਾਸਿਆਂ ਤੋਂ ਪਬਲਿਕ ਦਾ ਅਤੇ ਜਲੰਧਰ ਛਾਉਣੀ ਦੀ ਕੈਬਿਨ ਦੇ ਕੈਬਿਨ-ਮੈਨ ਦਾ ਧਿਆਨ ਵੀ ਇਸੇ ਲੜਕੀ ਵਲ ਹੋਇਆ ਹੋਇਆ ਸੀ ਤੇ ਉਹ ਵੀ ਅਵਾਜ਼ਾਂ ਮਾਰ ਰਿਹਾ ਸੀ। ਲੜਕੀ ਨੇ ਫਿਰ ਖੱਬੇ ਦੇਖਿਆ। ਉਸ ਵੇਲੇ ਉਸ ਦੇ ਚਿਹਰੇ ਤੋਂ ਇੰਜ ਜਾਪਦਾ ਸੀ ਜਿਵੇਂ ਦੇਖ ਰਹੀ ਹੋਵੇ ਕਿ ਇੰਜਨ ਕਿਹੜੇ ਟਰੈਕ ਤੇ ਆ ਰਿਹਾ ਹੈ ? ਤੀਜੇ ਟਰੈਕ ਤੇ ਜਾਂ ਵਿਚਕਾਰਲੇ ਉਤੇ, ਜਿਸ ਵਿਚ ਉਹ ਆਪ ਖੜੀ ਸੀ ? ਜਲੰਧਰ ਸ਼ਹਿਰ ਵਾਲੇ ਪਾਸੇ ਲਾਈਨਾਂ ਮਿਲਦੀਆਂ ਵੀ ਤੇ ਨਿਖੜਦੀਆਂ ਵੀ ਹਨ, ਥੋੜਾ ਜਿਹਾ ਮੋੜ ਦਾ ਝੌਲਾ ਲਾਈਨਾਂ ਦੇ ਮੇਲ-ਨਿਖਾੜ ਕਾਰਨ ਪੈਂਦਾ ਹੈ ਤੇ ਇਹ ਸਾਫ਼ ਪਤਾ ਨਹੀਂ ਲਗਦਾ ਕਿ ਗਡੀ ਕਿਹੜੇ ਟਰੈਕ ਤੇ ਆਵੇਗੀ।

ਹੁਣ ਸਭ ਪਾਸਿਓਂ ਸ਼ੋਰ ਵਧ ਗਿਆ, "ਕੁੜੀਏ ਦੌੜ ਜਾ।" ਲੜਕੀ ਨੇ ਦੋ ਤਿੰਨ ਕਦਮ ਬੜੀ ਕਾਹਲੀ ਵਿਚ ਅਗਾਂਹ ਪੁਟੇ। ਮੂੰਹ ਖੱਬੇ ਪਾਸੇ ਹੀ ਸੀ। ਇੰਜ ਜਾਪੇ ਜਿਵੇਂ ਉਸ ਨੂੰ ਸ਼ਕ ਪਿਆ ਕਿ ਇੰਜਨ ਸ਼ਾਇਦ ਤੀਜੇ ਟਰੈਕ ਤੇ ਆ ਰਿਹਾ ਹੈ। ਹੁਣ ਉਹ ਬਹੁਤ ਘਬਰਾ ਗਈ ਜਾਪਦੀ ਸੀ। ਦੋ ਕਦਮ ਫਿਰ ਪਿਛਾਂਹ ਨੂੰ ਪੁਟੇ। ਅਸਲ ਵਿਚ ਇਹ ਕਦਮ ਗਲਤ ਹੀ ਨਹੀਂ ਸਗੋਂ ਘਾਤਕ ਸਨ, ਕਿਉਂਕਿ ਇੰਜਨ ਤਾਂ ਅਸਲ ਵਿਚ ਵਿਚਕਾਰਲੇ, ਭਾਵ ਉਸੇ ਟਰੈਕ ਤੇ ਆ ਰਿਹਾ ਸੀ ਜਿਸ ਤੇ ਹੁਣ ਉਹ ਲੜਕੀ ਆਪ ਖੜੀ ਸੀ। ਉਧਰ ਇੰਜਨ ਮਸੇਂ 10 ਕੁ ਫੁਟ ਦੂਰੀ ਤੇ ਹੋਵੇਗਾ, ਇਧਰ ਲੜਕੀ ਦੀ ਘਬਰਾਹਟ ਨਾ ਸੋਚ ਸਕਣ ਵਾਲੀ ਅਵਸਥਾ ਵਿਚ ਅਪੜ ਗਈ। ਰੰਗ ਪੀਲਾ-ਭੂਕ ਹੋ ਗਿਆ ਤੇ ਵਿਚਾਰੀ ਹਿਲ ਸਕਣ ਤੋਂ ਵੀ ਅਸਮੂਥ, ਭੌ-ਚੱਕੀ, ਆਉਂਦੇ ਇੰਜਨ ਵਲ ਮੂੰਹ ਕੀਤੀ ਖੜੀ ਇੰਜ ਲਗੇ ਕਿ ਬਸ ਡਿਗੀ ਕਿ ਡਿਗੀ।



www.AKJ.Org

ਫਾਟਕ ਦੇ ਦੋਹਾਂ ਪਾਸੇ ਖੜੀ ਪਬਲਿਕ ਚਿੰਤਾਤੁਰ ਤਾਂ ਬਹੁਤ ਸੀ, ਪਰ ਸਥਿਤੀ ਦੇ ਇਥੇ ਤਕ ਪਹੁੰਚ ਜਾਣ ਦੀ ਉਮੀਦ ਤਾਂ ਕਿਸੇ ਨੂੰ ਵੀ ਨਹੀਂ ਸੀ ਤੇ ਅਜਿਹੀ ਖ਼ਤਰਨਾਕ ਪੋਜ਼ੀਸ਼ਨ ਬਣ ਵੀ ਇਕ-ਦਮ ਹੀ ਗਈ ਸੀ। ਜਦ ਕਿ ਫਾਟਕ ਦੇ ਬਾਹਰ ਖੜੇ ਲੋਕੀ ਤੇ ਗਡੀਆਂ ਸਕੂਟਰਾਂ ਵਾਲੇ ਤਕਦੇ ਹੀ ਰਹਿ ਗਏ, ਅਜਿਹੀ ਗੰਭੀਰ ਸਥਿਤੀ ਵਿਚ, ਐਨ ਇਸ ਵੇਲੇ ਕਲਗੀਧਰ ਦੇ ਸੂਰਬੀਰ ਨੀਲੇ ਕੁੜਤੇ ਪਜਾਮੇ ਵਿਚ ਸਸ਼ੋਭਤ, ਭਾਈ ਜਸਾ ਸਿੰਘ ਭੁਲਰ (J.W O. in Air Force) ਜੋ ਕਿ ਜਲੰਧਰ ਛਾਉਣੀ ਸਟੇਸ਼ਨ ਨੂੰ ਪਗਡੰਡੀ ਰਾਹੀਂ ਜਾਣ ਵਾਸਤੇ, ਕਾਕੀ ਪਿੰਡ ਵਾਲੀ ਸਾਈਡ ਤੋਂ ਫਾਟਕ ਅੰਦਰ ਅਜੇ ਵੜੇ ਹੀ ਸਨ, ਸਾਮ੍ਹਣੇ ਦਿਸਦੇ ਖ਼ਤਰੇ ਵਿਚ ਆਪਣੀ ਜਾਨ ਦੀ ਪਰਵਾਹ ਨ ਕਰਦੇ ਹੋਏ ਵਾਹਿਗੁਰੂ ਆਖ ਕੇ ਲੜਕੀ ਵਲ ਨਠ ਪਏ। ਇੰਜਨ ਮਸੇ 8 ਕੁ ਫੁਟ ਤੇ ਹੋਵੇਗਾ ਜਦ ਭਾਈ ਜਸਾ ਸਿੰਘ ਨੇ ਜਾ ਲੜਕੀ ਦੀ ਬਾਂਹ ਫੜੀ। ਪੁੱਠੇ ਪੈਰੀਂ ਉਸ ਨੂੰ ਖਿਚਿਆ ਤੇ ਟਰੈਕ ਤੋਂ ਬਾਹਰ ਕਢ ਲਿਆ। ਅੱਖ ਦੇ ਫੋਰ ਵਿਚ ਇੰਜਨ ਉਸੇ ਅਸਥਾਨ ਤੋਂ ਲੰਘ ਰਿਹਾ ਸੀ ਜਿਥੋਂ ਹੁਣੇ ਹੀ ਉਸ ਲੜਕੀ ਨੂੰ ਇਸ ਗੁਰਮੁਖ ਵੀਰ ਨੇ ਧੂਹ ਕੇ ਕਢ ਲਿਆਂਦਾ ਸੀ।

ਹੁਣ ਸਾਰੇ ਪਾਸਿਓਂ, "ਵਾਹ ਵਾਹ," "ਸ਼ਾਬਾਸ਼" ਅਤੇ "ਧੰਨ ਗੁਰੂ ਗੋਬਿੰਦ ਸਿੰਘ ਸਾਹਿਬ" ਦੀਆਂ ਆਵਾਜ਼ਾਂ ਸੁਣਾਈ ਦਿਤੀਆਂ। ਕੈਬਿਨ-ਮੈਨ ਵੀ ਨੱਠਾ ਨੱਠਾ ਥਲੇ ਆ ਪਹੁੰਚਿਆ ਸੀ। ਫੌਰਨ ਲੜਕੀ ਨੂੰ ਸੰਭਾਲਿਆ ਤੇ ਉਸ ਦੇ ਪਿਤਾ-ਰਿਟਾਇਰਡ ਫੌਜੀ ਸ: ਕੁੰਦਨ ਸਿੰਘ ਡੇਰੀ ਵਾਲਾ ਦੇ ਹਵਾਲੇ ਕਰ ਦਿਤਾ ਗਿਆ, ਜੋ ਕਿ ਪਿਛੇ ਪਿਛੇ ਹੀ ਆ ਰਿਹਾ ਸੀ, ਘਰ ਜਾਣ ਵਾਸਤੇ। ਅਤੇ ਭਾਈ ਜੱਸਾ ਸਿੰਘ, ਅਤੀ ਨਿੰਮਰਤਾ ਵਿਚ, ਕਿਸੇ ਹਉਮੈ ਹੰਕਾਰ ਜਾਂ ਆਪਾ ਜਣਾਏ ਬਿਨਾ, ਚੁਪ ਚਾਪ ਇੰਜ ਆਪਣੇ ਰਾਹ ਪਏ ਜਿਵੇਂ ਕੁਝ ਹੋਇਆ ਹੀ ਨਹੀਂ।

ਅਜਿਹੀ ਉੱਚੀ ਸੁੱਚੀ ਘਾਲਣਾ ਘਾਲ ਕੇ, ਘਬਰਾਈ ਹੋਈ ਬੇਬਸ ਲੜਕੀ ਦੀ ਜਾਨ ਬਚਾ ਕੇ ਗੁਰੂ ਕੇ ਪਿਆਰੇ ਗੁਰਸਿਖ ਨੇ ਗੁਰਸਿਖੀ ਦਾ ਨਾਮ ਰੋਸ਼ਨ ਕੀਤਾ ਅਤੇ ਸਾਬਤ ਕਰ ਦਿਤਾ ਹੈ ਕਿ ਗੁਰਸਿਖ ਤਾਂ ਫਿਰਦੇ ਹੀ ਪਰਉਪਕਾਰ ਵਾਸਤੇ ਹਨ, ਅਜਿਹੇ ਪਰਉਪਕਾਰੀ ਜੀਊੜਿਆਂ ਪ੍ਰਤੀ ਹੀ ਭਾਈ ਗੁਰਦਾਸ ਜੀ ਨੇ ਲਿਖਿਆ ਹੈ—

ਗੁਰ ਸਰਣੀ ਸਾਧ ਸੰਗਤੀ ਨਿਤ ਚਲਿ ਚਲਿ ਜਾਂਦੇ ॥
ਵਤਨਿ ਪਰਉਪਕਾਰ ਨੋ ਕਰਿ ਪਾਰਿ ਵਸਾਂਦੇ ॥

ਫਿਰ ਅਗਲੀਆਂ ਦੋ ਤੁਕਾਂ ਵਿਚ ਅਜਿਹੇ ਗੁਰਸਿਖਾਂ ਦੀ ਚਰਨ-ਧੂੜੀ ਦੀ ਜਾਚਨਾ ਕੀਤੀ ਹੈ ਅਤੇ ਤਨ ਦੀਆਂ ਜੁੱਤੀਆਂ ਬਣਾ ਕੇ ਉਨ੍ਹਾਂ ਦੇ ਚਰਨਾਂ ਵਿਚ ਪਵਾਂਦੇ ਹਨ—

ਮੇਰੀ ਖਲਹੁ ਮੌਜੜੇ ਗੁਰ ਸਿਖ ਹੰਢਾਂਦੇ ॥
ਮਸਤਕ ਲਗੇ ਸਾਧ ਰੇਣੁ ਵਡਭਾਗ ਜਿਨ੍ਹਾਂ ਦੇ ॥੧੮॥

ਭਾਈ ਗੁਰਦਾਸ ਜੀ, ਵਾਰ ੯

---

## ਯਮੁਨਾ ਨਗਰ ਵਿਖੇ ਸ੍ਰੀ ਅਖੰਡ ਪਾਠ ਤੇ ਰੈਣ ਸਬਾਈ ਕੀਰਤਨ

ਦਾਸ ਦੇ ਗ੍ਰਿਹ ਵਿਖੇ 16 ਮਈ ਸ਼ਨੀਵਾਰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਪੈ ਕੇ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਆਇ ਦੀਦਾਰ ਬਖਸ਼ੋ ਜੀ ਅਤੇ ਲਾਹੇ ਪ੍ਰਾਪਤ ਕਰੋ ਜੀ।

ਦਾਸਰਾ—ਕੁਲਵੰਤ ਸਿੰਘ, 58F, ਰੇਲਵੇ ਕਵਾਟਰ, ਯਮੁਨਾ ਨਗਰ



www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ ਮੈਂਬਰ

ਨੰਬਰ 802 ਦੇ 650/- 803 ਦੇ 500/-, 804 ਦੇ 650/-, 805 ਦੇ 750/-, 806 ਦੇ 750/-, ਅਤੇ ਬਾਕੀ ਸਭ ਦੇ ਸੌ ਸੌ ਰੁਪਏ ਪੁਜੇ ਹਨ। ਬੈਂਕ ਵਿਚ ਬਣੀਆਂ ਐਫ਼. ਡੀਆਂ ਦੇ ਨੰਬਰ ਇਸ ਤਰ੍ਹਾਂ ਹਨ :–

| | | | |
|---|---|---|---|
| 796. ਗਿ: ਪ੍ਰਮਜੀਤ ਸਿੰਘ ਖਾਲਸਾ ਪਾਉਂਟਾ ਸਾਹਿਬ | (ਚਿਟ ਨੰ: 3796) | 215201/405/81 | ਮਿਤੀ 23-4-81 |
| 797. ਸਕੱਤਰ ਗੁਰਦਵਾਰਾ ਸਿੰਘ ਸਭਾ ਮੰਗੂਰ ਹਿਲ | ( ,, ,, 3797) | 215202/406/81 | ,, |
| 798. ਸ: ਬਖਸ਼ੀਸ਼ ਸਿੰਘ ਬਿਸਲਾ ਤਾਹਰਪੁਰ | ( ,, ,, 3798) | 215203/407/81 | ,, |
| 799. ਸ: ਸਵਿੰਦਰ ਸਿੰਘ ਅਲਾਹਾਬਾਦ | ( ,, ,, 3799) | 215204/408/81 | ,, |
| 800. ਸ: ਜੀ. ਐਸ. ਬਾਵਾ ਅੰਮ੍ਰਿਤਸਰ | ( ,, ,, 3800) | 215205/409/81 | ,, |
| 801. ਸ੍ਰੀਮਤੀ ਸੁਰਜੀਤ ਕੌਰ w/o ਸ: ਹਾਕਮ ਸਿੰਘ | ( ,, ,, 3801) | 215206/410/81 | ,, |
| 802. ਸ: ਬਿਕਰਮ ਸਿੰਘ ਚੱਗਰ ਯੂ. ਕੇ. | ( ,, ,, 2129) | 215207/411/81 | ,, |
| 803. ਸ: ਮਹਿੰਦਰ ਸਿੰਘ ਠਕਰਾਲ ਸਿੰਗਾਪੁਰ | ( ,, ,, 2316) | 215208/412/81 | ,, |
| 804. ਮਿ: ਐਚ. ਐਸ. ਗਹੀਰ ਯੂ.ਕੇ. | ( ,, ,, 2131) | 215209/413/81 | ,, |
| 805. ਸ: ਅਵਤਾਰ ਸਿੰਘ ਸਚਦੇਵਾ ਯੂ.ਐਸ.ਏ. | ( ,, ,, 2206) | 215210/414/81 | ,, |
| 806. ਸ: ਹਰਜੀਤ ਸਿੰਘ ਤੇਜਾ ਕੈਨੇਡਾ | ( ,, ,, 2215) | 215211/415/81 | ,, |
| 807. ਡਾ: ਮਾਣਕ ਸਿੰਘ ਡੈਂਟਲ ਸਰਜਨ | ( ,, ,, 3807) | 215212/416/81 | ,, |
| 808. ਸ: ਜਸਬੀਰ ਸਿੰਘ ਨਵੀਂ ਦਿੱਲੀ | ( ,, ,, 3808) | 215213/417/81 | ,, |
| 809. ਸ: ਮਨਮੋਹਨ ਸਿੰਘ A.G.E. ਪਟਿਆਲਾ | ( ,, ,, 3809) | 215214/418/81 | ,, |
| 810. ਸ: ਪ੍ਰਮਜੀਤ ਸਿੰਘ ਦਿੱਲੀ | ( ,, ,, 3810) | 215215/419/81 | ,, |
| 811. ਐਮਪਲ ਮੋਟਰਜ਼ ਬੰਗਲੌਰ | ( ,, ,, 3811) | 215216/420/81 | ,, |
| 812. ਸ: ਚਰਨਜੀਤ ਸਿੰਘ S/o ਸ: ਅਮਰੀਕ ਸਿੰਘ | ( ,, ,, 3812) | 215217/421/81 | ,, |
| 813. ਸ: ਕੁਲਜੀਤ ਸਿੰਘ ਕਾਨਪੁਰ | ( ,, ,, 3813) | 215218/422/81 | ,, |
| 814. ਸ: ਕੁਲਜੀਤ ਸਿੰਘ ਕਾਨਪੁਰ | ( ,, ,, 3814) | 215219/423/81 | ,, |
| 815. ਸ: ਗੁਰਬਖਸ਼ ਸਿੰਘ ਨਵੀਂ ਦਿੱਲੀ | ( ,, ,, 3815) | 215220/424/81 | ,, |
| 816. ਕਿਸਾਨ ਪਲਾਸਟਿਕ ਇੰਡੱਸਟਰੀ | ( ,, ,, 3816) | 215221/425/81 | ,, |
| 817. ਸਾਰਜੰਟ ਧਰਮ ਸਿੰਘ ਹੈਦਰਾਬਾਦ | ( ,, ,, 3817) | 215222/426/81 | ,, |
| 818. Cpl. ਬਖਸ਼ੀ ਹੈਦਰਾਬਾਦ | ( ,, ,, 3818) | 215223/427/81 | ,, |
| 819. ਨੈਕ ਬੀਰ ਸਿੰਘ ਅਲੀਪੁਰ | ( ,, ,, 3819) | 215224/428/81 | ,, |
| 820. ਬੀਬੀ ਬਲਜੀਤ ਕੌਰ ਸਚਦੇਵਾ | ( ,, ,, 3820) | 215225/429/81 | ,, |
| 821. ਗੁਰੂ ਨਾਨਕ ਲਾਇਬ੍ਰੇਰੀ ਬੰਗਲੌਰ | ( ,, ,, 3821) | 215226/430/81 | ,, |

## ਰਿਸ਼ਤੇ ਨਾਤੇ :

ਲੋੜਵੰਦ ਸਜਣ ਚਿਠੀ 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਨੂੰ ਲਿਖਣ ਅਤੇ ਲਫ਼ਾਫ਼ੇ ਦੇ ਬਾਹਰ ਫ਼ਾਰਮ ਨੰ: ਜ਼ਰੂਰ ਲਿਖਣ। ਕੇਵਲ ਅੰਮ੍ਰਿਤਧਾਰੀ ਬੱਚਿਆਂ ਲਈ ਹੀ ਚਿੱਠੀ ਪਤਰ ਕਰੋ।

ਫ਼ਾਰਮ ਨੰ: 129–ਇਕ 28 ਸਾਲਾ ਸਿੰਘ, ਕਦ 5'-6'', ਵਿਦਿਆ ਬੀ.ਏ., 47 ਏਕੜ ਜ਼ਮੀਨ ਦਾ ਫਾਰਮ ਨੈਨੀਤਾਲ, ਲਈ ਘਟੋ ਘਟ ਮੈਟਰਿਕ ਪਾਸ ਜ਼ਿਮੀਦਾਰ ਘਰਾਣੇ ਦੇ ਨਾਤੇ ਦੀ ਲੋੜ ਹੈ।

ਫ਼ਾਰਮ ਨੰ: 130–ਇਕ 24 ਸਾਲਾ ਬੀਬੀ, ਕਦ 5'-1'', B.Sc.,B.Ed. ਟੀਚਰ, ਤਨਖਾਹ 500/-, ਕੇਸਕੀ ਰਹਿਤ ਲਈ ਘਟੋ ਘਟ ਬੀ ਏ, ਪਾਸ ਅੰਮ੍ਰਿਤਧਾਰੀ ਵਰ ਦੀ ਲੋੜ ਹੈ।

ਫ਼ਾਰਮ ਨੰ. 131–ਇਕ ਡਾਕਟਰ ਬੀਬੀ, ਅੰਮ੍ਰਿਤਧਾਰੀ, ਕੀਰਤਨੀ, ਨਿਤਨੇਮੀ, ਉਮਰ 29½ ਸਾਲ ਕਦ 5'-6'', ਲਈ M.S. ਡਾਕਟਰ ਦੀ ਲੋੜ ਹੈ।

ਫ਼ਾਰਮ ਨੰ: 132–ਇਕ 22 ਸਾਲਾ ਬੀਬੀ, ਕਦ 5 ਫੁਟ, ਐਮ.ਏ., ਸਟੂਡੈਂਡ ਲਈ ਜ਼ਿਮੀਦਾਰ ਵਰ ਦੀ ਲੋੜ ਹੈ। ਅਮਰੀਕਾ ਜਾਂ ਇੰਗਲੈਂਡ ਦੇ ਪਰਵਾਰ ਨੂੰ ਪਹਿਲ ਦਿਤੀ ਜਾਵੇਗੀ।

[ਬਾਕੀ ਦੂਜੇ ਪਾਸੇ

www.AKJ.Org

# ਹੁਸ਼ਿਆਰਪੁਰ ਵਿਖੇ ਸਾਲਾਨਾ ਸ਼ਹੀਦੀ ਗੁਰਪੁਰਬ ਤੇ ਅਖੰਡ ਕੀਰਤਨ

## 3 ਜੂਨ ਬੁਧਵਾਰ ਸਵੇਰ ਤੋਂ 7 ਜੂਨ 1981 ਐਤਵਾਰ ਸਵੇਰ ਤਕ

ਹਰ ਸਾਲ ਦੀ ਤਰ੍ਹਾਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਸਮਾਗਮ ਗੁ: ਕਲਗੀਧਰ ਚਰਨ ਪਾਵਨ, ਰੌਸ਼ਨ ਗਰਾਊਂਡ, ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਸਰਬ ਹਿੰਦ ਅਖੰਡ ਕੀਰਤਨੀ ਜਥਿਆਂ ਵਲੋਂ ਬੜੇ ਉਤਸ਼ਾਹ ਸਹਿਤ ਮਨਾਇਆ ਜਾ ਰਿਹਾ ਹੈ। ਸਮੂਹ ਗੁਰਮੁਖ ਪਿਆਰੇ ਆਇ ਦੀਦਾਰ ਬਖਸ਼ੋ ਜੀ ਅਤੇ ਲਾਹੇ ਪ੍ਰਾਪਤ ਕਰੋ ਜੀ। ਪ੍ਰੋਗਰਾਮ ਇਉਂ ਹੈ :–

| | | |
|---|---|---|
| 3 ਜੂਨ | ਸਵੇਰੇ 5 ਤੋਂ 7 30 ਕੀਰਤਨ ਆਸਾ ਦੀ ਵਾਰ | ਗੁ: ਸਿੰਘ ਸਭਾ ਬਹਾਦਰਪੁਰ |
| | ਰਾਤ 8 ਤੋਂ 10 ਅਖੰਡ ਕੀਰਤਨ | ਗੁਰਦਵਾਰਾ ਰੇਲਵੇ ਮੰਡੀ |
| 4 ਜੂਨ | ਸਵੇਰੇ 4 ਤੋਂ 6 ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡਪਾਠ | ਗੁ: ਕਲਗੀਧਰ ਚਰਨ ਪਾਵਨ |
| | ਰਾਤ 7-30 ਤੋਂ 10 ਅਖੰਡ ਕੀਰਤਨ | ਸ: ਦਲਜੀਤ ਸਿੰਘ, 106-R, ਮਾਡਲ ਟਾਊਨ |
| 5 ਜੂਨ | ਸਵੇਰੇ 6 ਤੋਂ 11 ਅਖੰਡ ਕੀਰਤਨ | ਗੁ: ਭਾਈ ਜੋਗਾ ਸਿੰਘ ਜੀ, ਸ਼ੇਖਾਂ ਮਹੱਲਾ |
| | ਰਾਤ 7-30 ਤੋਂ 10 ਅਖੰਡ ਕੀਰਤਨ | ਗੁਰਦਵਾਰਾ ਮਹੱਲਾ ਗੋਕਲ ਨਗਰ |
| 6 ਜੂਨ | ਸਵੇਰੇ 6 ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ 1 ਵਜੇ ਤਕ ਕੀਰਤਨ | ਗੁ: ਕਲਗੀਧਰ ਚਰਨ ਪਾਵਨ |
| | ਸ਼ਾਮ 4 ਵਜੇ ਅੰਮ੍ਰਿਤ-ਸੰਚਾਰ ਸਮਾਗਮ ਅਰੰਭ | ,, ,, |
| | ਰਾਤ 8 ਵਜੇ ਰੈਣ ਸਬਾਈ ਕੀਰਤਨ ਅਰੰਭ, 7 ਜੂਨ ਸਵੇਰੇ 7 ਵਜੇ ਸਮਾਪਤੀ | ,, ,, |

ਨੋਟ:– 1, ਰਿਹਾਇਸ਼ ਲਈ ਗੁ: ਕਲਗੀਧਰ ਚਰਨ ਪਾਵਨ ਪੁਜੋ ਜੀ। 2. ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।
3. ਗੁ: ਕਲਗੀਧਰ ਚਰਨ ਪਾਵਨ ਬਸ ਅਡੇ ਤੋਂ ਡੇਢ ਫਰਲਾਂਗ ਰੌਸ਼ਨ ਗਰਾਊਂਡ ਦੇ ਨਾਲ ਹੈ।

ਪੁਛ ਗਿਛ–1. ਗੁਰੂ ਨਾਨਕ ਜਨਰਲ ਸਟੋਰ, ਬਸ ਅਡੇ ਦੇ ਸਾਹਮਣੇ, ਹੁਸ਼ਿਆਰਪੁਰ। ਪ੍ਰਾਰਥਕ ਦਾਸਰੇ
2. ਸ: ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ, ਹੁਸ਼ਿਆਰਪੁਰ। ਅਖੰਡ ਕੀਰਤਨੀ ਜਥਾ, ਹੁਸ਼ਿਆਰਪੁਰ

## ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ

ਸ਼ਬਦ ਗੁਰੂ ਦੀ ਆਨ ਤੇ ਸ਼ਾਨ ਦੀ ਖ਼ਾਤਰ ਸ੍ਰੀ ਅੰਮ੍ਰਿਤਸਰ ਵਿਖੇ ਵਿਸਾਖੀ 1978 ਵਾਲੇ ਦਿਨ ਹੋਏ ਸ਼ਹੀਦ ਸਿੰਘਾਂ ਦੀ ਯਾਦ ਵਿਚ ਹਰ ਮੰਗਲਵਾਰ ਸ਼ਾਮ ਨੂੰ ਪਿੰਡਾਂ ਵਿਚ ਹੋ ਰਹੇ ਕੀਰਤਨ ਸਮਾਗਮਾਂ ਦਾ ਵੇਰਵਾ ਮਹੀਨਾ ਮਈ 1981 ਲਈ ਇਸ ਪ੍ਰਕਾਰ ਹੈ :–

5 ਮਈ ਗੁਰਦਵਾਰਾ ਵਾੜ ਸਾਹਿਬ, 12 ਮਈ ਗੁਰਦਵਾਰਾ ਪਿੰਡ ਛੋਕਰਾਂ ਨੇੜੇ ਅਪਰਾ ਮੰਡੀ।
19 ਮਈ ਗੁਰਦਵਾਰਾ ਜਸਪਾਲ ਬਾਂਗਰ, 26 ਮਈ ਗੁਰਦਵਾਰਾ ਭੁੱਟੇ ਨੇੜੇ ਆਲਮਗੀਰ।

ਸੰਗਤਾਂ ਦਾ ਦਾਸ-ਦਰਸ਼ਨ ਸਿੰਘ (ਡਾਕਟਰ), 8/9, ਖੇਤੀ ਯੂਨੀਵਰਸਿਟੀ, ਲੁਧਿਆਣਾ।

[ਰਿਸ਼ਤੇ ਨਾਤੇ ਬਾਕੀ ਪਿਛਲੇ ਸਫ਼ੇ ਤੋਂ]

ਫ਼ਾਰਮ ਨੰ: 133–ਇਕ 25½ ਸਾਲਾ ਬੀਬੀ, ਕਦ 5' 2½", ਐਮ. ਏ. ਹਿਸਟਰੀ ਤੇ ਬੀ-ਐਡ, ਲਈ ਘਟੋ ਘਟ ਬੀ. ਏ. ਪਾਸ, ਚੰਗੇ ਕਾਰ ਵਿਹਾਰੀ ਜਾਂ ਨੌਕਰੀ ਵਾਲੇ ਜ਼ਿਮੀਦਾਰ ਵਰ ਦੀ ਲੋੜ ਹੈ।

ਫ਼ਾਰਮ ਨੰ: 134–ਇਕ 27 ਸਾਲਾ ਸਿੰਘ, ਕਦ 5' 4", ਸਜੀ ਅੱਖ ਮਾਰੀ ਹੋਈ, ਰੇਲਵੇ ਪੁਲਿਸ ਵਿਚ ਲਾਂਗਰੀ, ਜ਼ਮੀਨ 5 ਏਕੜ ਲਈ ਕੇਸਕੀ ਸਹਿਤ ਬੀਬੀ ਦੀ ਲੋੜ ਹੈ। ਕੋਈ ਸਰੀਰਕ ਨੁਕਸ ਵੀ ਪ੍ਰਵਾਨ ਹੈ।

ਫ਼ਾਰਮ ਨੰ: 135–ਇਕ 25 ਸਾਲਾ ਸਿੰਘ, ਕਦ 5' 8½", ਪੋਸਟ ਗਰੈਜੂਏਟ, ਕਲਾਸ ਦੋ ਗਜ਼ਟਡ ਅਫ਼ਸਰ, ਤਨਖਾਹ 1300/- ਲਈ ਕੇਸਕੀ ਸਹਿਤ ਪੜ੍ਹੀ ਲਿਖੀ ਬੀਬੀ ਦੀ ਲੋੜ ਹੈ।

ਫ਼ਾਰਮ ਨੰ: 136–ਇਕ 23½ ਸਾਲਾ ਸਿੰਘ, ਕਦ 5' 8½" ਪੋਸਟ ਗਰੈਜੂਏਟ ਸਟੂਡੈਂਟ ਲਈ ਪੜ੍ਹੀ ਲਿਖੀ ਬੀਬੀ ਦੀ ਲੋੜ ਹੈ।

ਫ਼ਾਰਮ ਨੰ: 137–ਇਕ 22 ਸਾਲਾ ਬੀਬੀ, ਕਦ 5' 1", ਆਰਟ ਕਰਾਫ਼ਟ ਕੋਰਸ ਪਾਸ, ਨਿਤਨੇਮੀ, ਲਈ ਤਿਆਰ-ਬਰ-ਤਿਆਰ ਚੰਗੀ ਨੌਕਰੀ ਜਾਂ ਕਾਰੋਬਾਰੀ ਵਰ ਦੀ ਲੋੜ ਹੈ।

ਫ਼ਾਰਮ ਨੰ: 138–ਇਕ 22 ਸਾਲਾ ਬੀਬੀ, ਕਦ 5' 1', ਮੈਟਰਿਕ ਪਾਸ, ਨਿਤਨੇਮੀ ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: 139–ਇਕ 30 ਸਾਲਾ ਸਿੰਘ, ਕਦ 5'-6". ਦਸਵੀਂ ਪਾਸ, ਖੇਤੀ ਬਾੜੀ ਦਾ ਕੰਮ ਤੇ ਟ੍ਰਾਂਸਪੋਰਟਰ, ਨਿਤਨੇਮੀ ਲਈ ਜ਼ਿਮੀਦਾਰ ਘਰ ਦੇ ਨਾਤੇ ਦੀ ਲੋੜ ਹੈ।

'ਸੂਰਾ' ਮਾਸਕ ਪੱਤਰ, ਕੂਚਾ ਚਤਰ ਸਿੰਘ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

ਟਾਈਟਲ : ਨਵਕੇਤਨ ਪ੍ਰੈਸ, ਅੰਮ੍ਰਿਤਸਰ।

www.AKJ.Org